# ਲਹੂ ਦੀ ਵਿਰਾਸਤ

**ਇਸ ਤੋਂ ਪਹਿਲਾਂ:-**

1. ਧੂੰਏਂ ਦਾ ਦਸਤਾਵੇਜ਼ (2000) ਕਵਿਤਾਵਾਂ
2. ਰੂਹ ਦਾ ਰੇਗਿਸਤਾਨ (2005) ਕਵਿਤਾਵਾਂ
3. ਸੰਵਾਦ ਦਰ ਸੰਵਾਦ (2006) ਸੰਪਾਦਨ: ਪਰਵਾਸੀ ਪੰਜਾਬੀ ਕਹਾਣੀ

# ਲਹੂ ਦੀ ਵਿਰਾਸਤ

ਮੋਹਨ ਤਿਆਗੀ

**Lahoo Di Virasat**

*by*

**Mohan Tyagi**
Village-Ablowal (Dera)
Ward No. 1, Nabha Road, Patiala
Ph.: 98144-79150

First Edition : 2010
Second Edition : 2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਬੇਟੇ
ਸਰਤਾਜ ਵੀਰ ਲਈ

# ਤਤਕਰਾ


| | |
|---|---|
| ਦੋ-ਸ਼ਬਦ | 9 |
| ਆਰਤੀ | 11 |
| ਹਨੇਰੇ ਦਾ ਸਾਮਰਾਜ | 12 |
| ਵਿਰਾਸਤ | 13 |
| ਇਸ਼ਤਿਹਾਰ | 14 |
| ਪੁਰਖ਼ਿਆਂ ਦੇ ਰਾਹ | 16 |
| ਲਹੂ ਵਿੱਚਲਾ ਸ਼ੋਰਾ | 20 |
| ਉਸਦੀ ਉਡੀਕ ਵਿੱਚ | 21 |
| ਸ਼ਹਿਰ | 23 |
| ਮੈਂ ਤੇ ਕਵਿਤਾ | 25 |
| ਤੁਗਲ਼ਕ ਦਾ ਭੂਤ | 26 |
| ਬਜ਼ਾਰ | 28 |
| ਇੱਕ ਖ਼ਾਨਾਬਦੋਸ਼ ਰਾਤ | 30 |
| ਮੇਰੀ ਆਵਾਜ਼ | 32 |
| ਜੰਗਲ ਦਾ ਗੀਤ | 34 |
| ਦਰਵਾਜ਼ੇ | 38 |
| ਰਾਤ ਦੀ ਰਾਣੀ | 39 |
| ਜੰਗ ਦਾ ਮੈਦਾਨ | 41 |
| ਹਨੇਰਾ | 42 |
| ਡਾਟਾਂ ਵਾਲੇ ਬੂਹੇ ਦਾ ਸੱਚ | 43 |
| ਮੇਰੇ ਪੁਰਖ਼ੇ | 45 |
| ਮੁਹੱਬਤ | 47 |
| ਅੰਨ੍ਹੇ ਰਾਹ | 48 |
| ਦਿਨ | 49 |
| ਜੰਗਲ | 51 |
| ਮੇਰੇ ਪਾਣੀ | 53 |
| ਜਸ਼ਨ ਦੀ ਰਾਤ | 54 |
| ਇੱਕ ਰੁੱਖ | 56 |
| ਜਲਾਵਤਨੀ | 57 |
| ਇਹ ਸਦੀ | 58 |

| | |
|---|---|
| ਕਾਤਲ | 60 |
| ਨਜ਼ਮ ਦੀ ਤਲਾਸ਼ | 61 |
| ਨਾਟਕ | 62 |
| ਕੈਸੀਨੋ | 63 |
| ਭਗਤ ਸਿੰਘ | 64 |
| ਗੁੰਮੇ ਸਾਜ਼ | 65 |
| ਪਿੰਡ | 67 |
| ਲਹੂ ਦੀ ਪੈੜ੍ਹ | 68 |
| ਮੇਰੇ ਪਿੰਡ ਦਾ ਬੋਹੜ | 69 |
| ਬਸੰਤ ਤੇ ਕਵੀ | 70 |
| ਸੱਚ | 71 |
| ਚੱਕਰਵਾਤ | 72 |
| ਜ਼ਿੰਦਗੀ | 73 |
| ਕੁਦਰਤ | 74 |
| ਲਹੂ ਦਾ ਸੰਗੀਤ | 75 |
| ਅਹਿਸਾਸ | 76 |
| ਮੈਂ ਤੇ ਜੰਗਲ | 77 |
| ਜਿੱਤ ਦਾ ਸ.ਫ਼ਰ | 78 |
| ਪਰਬਤ | 79 |
| ਇੱਕ ਘਰ | 80 |
| ਸ਼ਹੀਦ | 81 |
| ਸਪਾਰਟਕਸ ਪੜ੍ਹਦਿਆਂ | 82 |
| ਇਸ ਸਦੀ ਦੀ ਆਵਾਜ਼ | 85 |
| ਭੀੜ 'ਚ ਤੁਰੇ ਜਾਂਦੇ ਲੋਕ | 86 |
| ਖ਼ੂਨੀ ਸੜਕਾਂ | 87 |
| ਸ਼ਨਾਖ਼ਤੀ ਪਰੇਡ | 88 |
| ਰਿਟਾਇਰ ਬੰਦਾ | 89 |
| ਲਹੂ ਵਿਚਲੀ ਰਾਤ | 90 |
| ਮੈਂ ਚਾਹੁੰਦਾ ਹਾਂ | 91 |
| ਇਹ ਕੌਣ ਹੈ? | 92 |
| ਪਾਣੀ | 93 |
| ਸ਼ਹੀਦੀ ਦਿਵਸ | 94 |
| ਸ਼ੀਸ਼ਾ | 95 |
| ਬਦਲਾਅ | 97 |

| | |
|---|---|
| ਇੱਕ ਕੁੜੀ ਤੇ ਕਵਿਤਾ | 98 |
| ਕੋਈ ਹੈ? | 99 |
| ਇੱਕ ਪੀਲ਼ਾ ਪੱਤਾ | 101 |
| ਮੈਂ ਹੁਣ ਉਦਾਸ ਨਹੀਂ | 102 |
| ਨਿੱਕਾ ਬੱਚਾ | 103 |
| ਕਵਿਤਾ | 104 |
| ਕਤਲ | 105 |
| ਸਿਆਸਤ | 106 |
| ਮੌਤ ਦੇ ਰੰਗ | 107 |
| ਮੌਤ ਦਾ ਨਾਟਕ | 108 |
| ਲੱਕੜ ਦੇ ਪੈਰ ਵਾਲੀ ਕੁੜੀ | 109 |
| ਵਿਰਾਸਤ (ਪਿਤਾ ਜੀ ਲਈ) | 110 |
| ਬਸਤਾ | 111 |
| ਜੇਲ੍ਹ ਦਾ ਰੇਖਾ ਚਿੱਤਰ | 113 |
| ਜਾਦੂਗਰਨੀ | 114 |
| ਪੱਥਰ | 115 |
| ਕੰਕਰੀਟ ਦਾ ਜੰਗਲ | 116 |
| ਘਰ | 118 |
| ਕਸਾਈ | 119 |
| ਜੰਗਜੂ | 120 |
| ਰਾਤ ਦਾ ਪਹੀਆ | 121 |
| ਤੈਨੂੰ ਮਿਲਦਿਆਂ | 122 |
| ਨਾਇਕ ਖਲਨਾਇਕ | 123 |
| ਗਗਨ ਲਈ | 125 |
| ਬਾਜ਼ੀਗਰ ਕੁੜੀ | 126 |

# ਦੋ-ਸ਼ਬਦ

ਕਵਿਤਾ ਆਦਿ ਕਾਲ ਤੋਂ ਮਨੁੱਖ ਦੇ ਨਾਲ ਸੀ ਤੇ ਉਦੋਂ ਤੋਂ ਹੀ ਮਨੁੱਖ ਦੇ ਨਾਲ ਨਾਲ ਚਲਦੀ ਆਈ ਹੈ। ਕਵਿਤਾ ਨਾਲ ਮਨੁੱਖ ਦਾ ਰਿਸ਼ਤਾ ਮ੍ਰਿਗ ਕਸਤੂਰੀ ਵਾਲਾ ਹੈ। ਇਸ ਤਰ੍ਹਾਂ ਮਨੁੱਖ ਆਦਿ ਕਾਲ ਤੋਂ ਹੀ ਜੰਗਲ ਬੇਲੇ ਗਾਹੁੰਦਾ ਰਮਤੇ ਕਬੀਲਿਆਂ ਵਾਂਗ ਘੁੰਮਦਾ ਆਪਣੇ ਲਹੂ ਵਿੱਚ ਮੌਲ੍ਹਦੀ ਕਵਿਤਾ ਦਾ ਸਦੀਵੀ ਸੰਗੀਤ ਸੁਣਦਾ ਆਇਆ ਹੈ। ਜ਼ਿੰਦਗੀ ਦੇ ਵਹਿਣ ਤੇ ਦਿਸ਼ਾਵਾਂ ਬਦਲਣ ਦੇ ਨਾਲ ਹੀ ਕਵਿਤਾ ਦੀ Nature ਅਤੇ Poetics ਵੀ ਬਦਲਦੀ ਹੈ। ਸ਼ਾਂਤੀ ਦੇ ਦਿਨਾਂ ਵਿੱਚ ਕਵਿਤਾ ਇੱਕ ਲੋਕ ਗੀਤ ਹੈ ਤੇ ਯੁੱਧ ਦੇ ਦਿਨਾਂ ਵਿੱਚ ਕਵਿਤਾ ਇੱਕ ਕਟਾਰ ਹੈ। ਕਵਿਤਾ ਮਨੁੱਖ ਨੂੰ ਔਖੀਆਂ ਘੜੀਆਂ 'ਚੋਂ ਲੰਘਦਿਆਂ ਜਿਉਣਾ ਵੀ ਸਿਖਾਉਂਦੀ ਹੈ ਤੇ ਜੂਝਕੇ ਮਰਨਾ ਵੀ ਸਿਖਾਉਂਦੀ ਹੈ। ਕਵਿਤਾ ਦੇ ਕਈ ਹੋਰ ਵੀ ਪਹਿਲੂ ਹਨ।

ਕਵੀ ਕੋਲ ਆਪਣੇ ਆਲੇ ਦੁਆਲੇ ਘਟ ਰਹੇ ਵਰਤਾਰੇ ਨੂੰ ਸਮਝਣ ਅਤੇ ਵੇਖਣ ਦੀ ਸੂਖ਼ਮ ਦ੍ਰਿਸ਼ਟੀ ਹੁੰਦੀ ਹੈ। ਕਵੀ ਦਾ ਤੀਜਾ ਨੇਤਰ ਆਪਣੇ ਆਲੇ ਦੁਆਲੇ ਘਟ ਰਹੇ ਸੂਖ਼ਮ ਵਰਤਾਰਿਆਂ ਨੂੰ ਇੱਕ ਗੁਪਤ ਕੈਮਰੇ ਵਾਂਗ ਆਪਣੇ ਜ਼ਿਹਨ ਵਿੱਚ ਕੈਦ ਕਰ ਲੈਂਦਾ ਹੈ ਤੇ ਮਗਰੋਂ ਇਹੀ ਸੁਲਗਦੇ ਪਲ ਕਵਿਤਾ ਦਾ ਰੂਪ ਧਾਰਦੇ ਹਨ।

'ਰੂਹ ਦਾ ਰੇਗਿਸਤਾਨ' ਤੋਂ ਬਾਅਦ ਮੇਰਾ ਇਹ ਤੀਜਾ ਕਾਵਿ ਸੰਗ੍ਰਹਿ ਹੈ। ਮਨੁੱਖ ਦਾ ਉਸਦੇ ਇਤਿਹਾਸ, ਵਰਤਮਾਨ ਅਤੇ ਭਵਿੱਖ ਨਾਲ ਗਹਿਰਾ ਸਬੰਧ ਹੁੰਦਾ ਹੈ। ਉਸਦੇ ਇਤਿਹਾਸ ਦੀ ਪਿੱਠਭੂਮੀ ਹੀ ਉਸਦੇ ਭਵਿੱਖ ਦੀ ਕਰਮਭੂਮੀ ਨਿਰਧਾਰਤ ਕਰਦੀ ਹੈ। ਸੰਘਰਸ਼ਸ਼ੀਲ ਪ੍ਰਸਥਿਤੀਆਂ ਵਿੱਚੋਂ ਲੰਘਦਿਆਂ ਮਨੁੱਖ ਦਾ ਮਨੋਵਿਗਿਆਨ ਅੰਦਰੋਂ ਤੇ ਬਾਹਰੋਂ ਜਿਸ ਜਿਸ ਤਰ੍ਹਾਂ ਦੇ ਪ੍ਰਭਾਵ ਕਬੂਲਦਾ ਹੈ, ਉਸਦੀ ਇਹੀ ਪ੍ਰਤੀਕ੍ਰਿਆ ਕਿਸੇ ਵੀ ਸਾਹਿਤ ਰੂਪ ਦਾ ਜਾਮਾ ਪਹਿਨ ਸਕਦੀ ਹੈ। ਅੱਜ ਦਾ ਦੌਰ ਮੰਡੀ ਦਾ ਦੌਰ ਹੈ। ਵਿਸ਼ਵੀਕਰਨ ਦੇ ਨਾਂ ਹੇਠ ਮੰਡੀ ਵਲੋਂ ਮਚਾਈ ਜਾ ਰਹੀ ਅੰਨ੍ਹੀ ਲੁੱਟ ਅਤੇ ਹਨੇਰ੍ਹਗਰਦੀ ਵਿੱਚ ਜਿੱਥੇ ਆਮ ਆਦਮੀ ਤੇ ਬੁੱਧੀਜੀਵੀ ਵਰਗ ਦਾ ਸਾਹ ਘੁੱਟ ਰਿਹਾ ਹੈ, ਉੱਥੇ ਸਿਰਜਣਾਤਮਕ ਖ਼ਲਾਅ ਪੈਦਾ ਹੋਣ ਦਾ ਵੀ ਗੰਭੀਰ ਖ਼ਤਰਾ ਹੈ। ਅਜਿਹੇ ਨਾਜ਼ੁਕ ਅਤੇ ਦਮਨਕਾਰੀ ਯੁੱਗ ਵਿੱਚ ਕਵਿਤਾ ਦੀ

ਜ਼ਿੰਮੇਵਾਰੀ ਹੋਰ ਵੀ ਅਹਿਮ ਬਣ ਜਾਂਦੀ ਹੈ। ਮੈਂ ਬਚਪਨ ਤੋਂ ਹੀ ਕਵਿਤਾ ਦੇ ਖੇਤਰ ਨਾਲ ਜੁੜਿਆ ਹੋਇਆ ਹਾਂ। ਮੈਨੂੰ ਬਾਕੀ ਸਾਹਿਤ ਰੂਪਾਂ ਨਾਲੋਂ ਕਵਿਤਾ ਨੇ ਵਧੇਰੇ ਪ੍ਰਭਾਵਿਤ ਕੀਤਾ ਹੈ। ਕਾਲਜ ਦੇ ਮੁਢਲੇ ਦਿਨਾਂ ਤੋਂ ਲੈ ਕੇ ਹੁਣ ਤੱਕ ਮੈਂ ਸੰਸਾਰ ਕਵਿਤਾ ਦੇ ਅਧਿਐਨ ਦੇ ਨਾਲ ਨਾਲ ਕਵਿਤਾ ਲਿਖਣ ਵਿੱਚ ਵੀ ਦਿਲਚਸਪੀ ਲੈਂਦਾ ਰਿਹਾ ਹਾਂ।

ਮੇਰੇ ਪੁਰਖ਼ਿਆਂ ਦਾ ਜੀਵਨ-ਸੰਘਰਸ਼ ਮੇਰੀ ਕਵਿਤਾ ਦਾ ਮੁੱਖ ਆਧਾਰ ਹੈ। ਮੇਰੀ ਸਾਰੀ ਕਵਿਤਾ ਇਸੇ ਹੀ ਆਧਾਰ ਤੇ ਉਸਰੀ ਹੋਈ ਹੈ, ਤੇ ਇਸ ਦੀਆਂ ਜੜ੍ਹਾਂ ਵੀ ਇਸੇ ਹੀ ਸੰਘਰਸ਼ ਵਿੱਚ ਨਿਹਿਤ ਹਨ। ਮੇਰੇ ਪੁਰਖ਼ਿਆਂ ਦੀਆਂ ਪੈੜ੍ਹਾਂ ਦੇ ਇਹ ਨਿਸ਼ਾਨ ਚੇਤ ਜਾਂ ਅਚੇਤ ਰੂਪ ਵਿੱਚ ਮੇਰੀ ਕਵਿਤਾ ਦੇ ਆਰ ਪਾਰ ਫ਼ੈਲੇ ਹੋਏ ਹਨ, ਤੇ ਇਸ ਕਾਵਿ ਕਿਤਾਬ ਨੂੰ ਇਸੇ ਸੰਘਰਸ਼ ਦੀ ਨਿਰੰਤਰਤਾ ਵਜੋਂ ਵੇਖਿਆ ਤੇ ਪੜ੍ਹਿਆ ਜਾਣਾ ਚਾਹੀਦਾ ਹੈ। ਇਸ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਮੇਰੇ ਅੰਦਰਲੇ ਤੇ ਬਾਹਰਲੇ ਵਾਤਾਵਰਨ ਨਾਲ ਇੱਕ ਸੰਵਾਦ ਵਿੱਚੋਂ ਰੂਪਮਾਨ ਹੁੰਦੀਆਂ ਹਨ। ਕਿਸੇ ਖ਼ਾਸ ਘਟਨਾ ਜਾਂ ਪ੍ਰਸਥਿਤੀ ਵਿੱਚ ਜਦ ਕਦੇ ਮੇਰਾ ਲਹੂ ਖੌਲ੍ਹਣ ਲੱਗਦਾ ਹੈ ਤਾਂ ਉਦੋਂ ਮੈਂ ਆਪਣੀ ਨਬਜ਼ ਨੂੰ ਪੱਛ ਲਾ ਕੇ ਆਪਣਾ ਤੁਪਕਾ ਤੁਪਕਾ ਲਹੂ ਕੋਰੇ ਸਫ਼ਿਆਂ ਤੇ ਡੋਲ੍ਹ ਦਿੰਦਾ ਹਾਂ, ਜਿਸ ਵਿੱਚੋਂ ਕਵਿਤਾ ਮੇਰੀ ਜ਼ੁਬਾਨ ਬੋਲਦੀ ਹੈ। ਮੇਰੇ ਆਲੇ ਦੁਆਲੇ ਮੰਡੀ ਦਾ ਸ਼ੋਰ ਜਿੰਨਾ ਜ਼ਿਆਦਾ ਉੱਚਾ ਹੁੰਦਾ ਜਾਂਦਾ ਹੈ, ਮੇਰੇ ਲਹੂ ਵਿੱਚਲੀ ਕਵਿਤਾ ਉਨੇ ਹੀ ਪ੍ਰਬਲ ਰੂਪ ਵਿੱਚ ਸਾਹਮਣੇ ਆਉਂਦੀ ਹੈ। 'ਲਹੂ ਦੀ ਵਿਰਾਸਤ' ਇਸੇ ਹੀ ਦਿਸ਼ਾ ਵੱਲ ਆਪਣਾ ਵਿਰੋਧ ਜਤਾਉਂਦੀ ਹੋਈ ਕਾਵਿ ਕਿਰਤ ਹੈ, ਜਿਸ ਵਿੱਚ ਮੇਰੇ ਲਹੂ ਦੇ ਵੱਖੋ ਵੱਖਰੇ ਰੰਗ ਬਿਖ਼ਰੇ ਹੋਏ ਹਨ। ਅੰਤ 'ਚ ਮੈਂ ਆਪਣੀ ਰੱਤ ਦੇ ਇਨ੍ਹਾਂ ਜਗਦੇ ਬੁਝਦੇ ਦੀਵਿਆਂ ਸੰਗ ਤੁਹਾਡੇ ਸਨਮੁੱਖ ਹੁੰਦਾ ਹਾਂ।

**ਮੋਹਨ ਤਿਆਗੀ**
**ਪਟਿਆਲਾ**
**98144-79150**

## ਆਰਤੀ

ਹੇ ਪ੍ਰਭੂ!
ਹੇ ਖ਼ੁਦਾ!!
ਇਹ ਸਭ ਰੰਗ
ਮੇਰੇ ਹਨ

ਇਹ ਸਾਰੇ ਰੰਗ ਮੈਂ
ਆਪਣੇ ਲਹੂ 'ਚੋਂ
ਕਸ਼ੀਦ ਕੀਤੇ ਨੇ

ਇਨ੍ਹਾਂ ਰੰਗਾਂ 'ਚ
ਤੇਰੀ ਆਰਤੀ ਸ਼ਾਮਿਲ ਨਹੀਂ।

✷✷

# ਹਨੇਰੇ ਦਾ ਸਾਮਰਾਜ

ਮੈਂ ਇੱਕ ਬਸਤੀ ਵਿੱਚ
ਰਹਿੰਦਾ ਹਾਂ

ਹਨੇਰੇ ਦੀ ਬਸਤੀ
ਇੱਕ ਸਾਮਰਾਜੀ ਬਸਤੀ
ਜਿਸਦਾ ਸਿਰਜਣਹਾਰ ਇਕੱਲਾ
ਅਮਰੀਕਾ ਹੀ ਨਹੀਂ

ਕੋਈ ਹੋਰ ਵੀ ਹੈ

ਤਿਰੰਗੇ ਵਾਲੇ ਸਾਧ ਤੋਂ ਲੈ ਕੇ
ਉਸਦੀਆਂ ਪੁਸ਼ਤਾਂ ਤੱਕ
ਰੱਬ ਦੇ ਪੈਰਾਂ 'ਚ ਕਤਰਾ ਕਤਰਾ
ਮੇਰਾ ਲਹੂ ਡੁੱਲ੍ਹਦਾ ਹੈ

ਤੇ ਖ਼ੂਨੀ ਹਨੇਰਾ ਮੇਰਾ ਲਹੂ
ਚੱਟਦਾ ਚੱਟਦਾ
ਰੱਬ ਦੀ ਮੰਜੀ ਹੇਠ ਜਾ ਬਹਿੰਦਾ ਹੈ

ਤੇ ਮੈਂ ਆਪਣੇ ਪੁਸ਼ਤ ਦਰ ਪੁਸ਼ਤ
ਡੁੱਲ੍ਹਦੇ ਲਹੂ ਲਈ
ਇਸ ਸਾਮੰਤੀ ਰੱਬ ਦੇ ਖਿਲਾਫ਼
ਲੜਦਾ ਹਾਂ

ਮੈਂ ਇੱਕ ਬਸਤੀ ਵਿੱਚ
ਰਹਿੰਦਾ ਹਾਂ।

✵✵

## ਵਿਰਾਸਤ

ਉਹ ਮੇਰੀਆਂ
ਕਵਿਤਾਵਾਂ
ਗੀਤਾਂ
ਅਤੇ ਨਜ਼ਮਾਂ ਵਿੱਚਲੇ
ਸੂਰਜ ਦਾ ਪਹਿਰੇਦਾਰ
ਬਣੇਗਾ

ਹਨੇਰੇ ਦਾ ਵਾਸਤੂ ਸ਼ਾਸਤਰ
ਉਸਦੇ ਕਦਮਾਂ 'ਚ ਗਿੜਗਿੜਾਏਗਾ
ਮੇਰਾ ਬੱਚਾ ਹਨੇਰੇ ਦਾ ਗੀਤ
ਨਹੀਂ ਗਾਏਗਾ

ਮੇਰਾ ਬੱਚਾ ਹਨੇਰੇ ਦਾ ਗੀਤ
ਨਹੀਂ ਗਾਏਗਾ।

✵✵

## ਇਸ਼ਤਿਹਾਰ

ਇਸ ਗਲੋਬਲ ਪਿੰਡ ਵਿੱਚ
ਇੱਕ ਇਸ਼ਤਿਹਾਰ ਬਣਕੇ ਰਹਿ ਗਿਆ ਹਾਂ ਮੈਂ

ਮੈਂ ਸਵੇਰੇ ਸਵੇਰੇ ਘਰੋਂ ਗੁਰੂ ਘਰ ਲਈ ਚਲਦਾ ਹਾਂ
ਕਿ ਇੱਕ ਇਸ਼ਤਿਹਾਰ ਬਣ ਜਾਂਦਾ ਹਾਂ
ਮੈਂ ਘਰੋਂ ਦਫ਼ਤਰ ਲਈ ਚਲਦਾ ਹਾਂ
ਕਿ ਇੱਕ ਇਸ਼ਤਿਹਾਰ ਬਣ ਜਾਂਦਾ ਹਾਂ

ਮੈਂ ਇਸ ਜਾਦੂਈ ਸ਼ਹਿਰ ਵਿੱਚ ਜਿਸਨੂੰ ਵੀ
ਚਾਹਿਆ ਹੈ
ਉਹ ਅੱਗੋਂ ਇੱਕ ਇਸ਼ਤਿਹਾਰ ਵਾਂਗ
ਮਿਲਿਆ ਹੈ
ਉਸ ਚਿਹਰੇ ’ਚੋਂ ਇੱਕ ਇਸ਼ਤਿਹਾਰ
ਬੋਲਿਆ ਹੈ
ਮੇਰੇ ਹਰ ਪਾਸੇ ਰੰਗ ਬਰੰਗੇ ਇਸ਼ਤਿਹਾਰਾਂ ਦਾ
ਇੱਕ ਡੇਰਾ ਹੈ

ਮੇਰੀ ਰੂਹ ਵਿੱਚ ਨਿੱਕੇ ਨਿੱਕੇ ਇਸ਼ਤਿਹਾਰ ਉੱਗ ਰਹੇ
ਮੇਰਾ ਚਿਹਰਾ ਇਸ਼ਤਿਹਾਰਾਂ ਨਾਲ ਭਰ ਗਿਆ ਹੈ
ਇਸ਼ਤਿਹਾਰਾਂ ਦਾ ਇੱਕ ਜੰਗਲ ਬਣਕੇ ਰਹਿ ਗਿਆ ਹਾਂ ਮੈਂ

ਇਸ ਸ਼ਹਿਰ ਦੀਆਂ ਸਦੀਆਂ ਤੋਂ ਲੰਬੀਆਂ ਸੜਕਾਂ ਤੇ
ਇਸ਼ਤਿਹਾਰ ਫ਼ੌਜੀ ਪਰੇਡ ਕਰਦੇ ਕਰਦੇ
ਮੌਤ ਦਾ ਇੱਕ ਜਾਲ ਬੁਣ ਰਹੇ
ਰੰਗਾਂ ਦੀ ਚਿੱਤਰਕਲਾ ਵਿੱਚ ਛੁਪਾ ਕੇ
ਸ਼ਹਿਰ ਦੇ ਰੁੱਖਾਂ ਨੂੰ ਜ਼ਹਿਰ ਵੰਡ ਰਹੇ
ਤੇ ਮੈਂ ਮੌਨ ਹੋਇਆ ਇਹ ਸਭ ਕੁਝ ਵੇਖ ਰਿਹਾ ਹਾਂ

ਤੇ ਹੁਣ ਇਹ ਕੌਣ ਹੈ?
ਜੋ ਕਤਲਗਾਹ ਵਿੱਚ ਮੇਰੀ ਮੌਤ ਦੇ ਇਸ਼ਤਿਹਾਰ
ਵੰਡ ਰਿਹਾ ਹੈ
ਇਸ ਗਲੋਬਲ ਪਿੰਡ ਵਿੱਚ
ਇੱਕ ਇਸ਼ਤਿਹਾਰ ਬਣਕੇ ਰਹਿ ਗਿਆ ਹਾਂ ਮੈਂ।

✵✵

## ਪੁਰਖ਼ਿਆਂ ਦੇ ਰਾਹ

ਪੁਰਖ਼ਿਆਂ ਦੇ ਰਾਹ ਚਲਦਿਆਂ
ਰਸਤਿਆਂ ਵਿੱਚ ਬੜਾ ਕੁਝ ਆਵੇਗਾ

ਪੁਰਖ਼ਿਆਂ ਦੇ ਰਾਹ ਚਲਦਿਆਂ
ਮਸਾਣਾਂ ਵਿੱਚ ਲੁਕੀ ਮੌਤ ਖਿੜ-ਖਿੜਾ ਕੇ
ਹੱਸੇਗੀ
ਉੱਚੀ-ਉੱਚੀ ਮੇਰੇ ਮਰ ਚੁੱਕੇ ਪੁਰਖਿਆਂ ਦਾ
ਨਾਂ ਪੁਕਾਰੇਗੀ

ਇਹ ਵੇਖਕੇ ਮੇਰੇ ਮੱਥੇ ਵਿੱਚ ਲਟਕ ਰਹੇ
ਕਾਲੇ ਸਮਿਆਂ ਦੇ ਚਮਗਾਦੜ ਤ੍ਰਭਕ ਕੇ
ਕਿੱਧਰੇ ਛੁਪਣਗਾਹ ਭਾਲਣਗੇ
ਤੇ ਮੇਰੇ ਮਨ ਦੇ ਹਨੇਰੇ ਕੋਨਿਆਂ 'ਚ
ਕਿੱਧਰੇ ਅਲੋਪ ਹੋ ਜਾਣਗੇ

ਮੇਰਾ ਲਹੂ ਲੁਹਾਣ ਹੋਇਆ ਚਿਹਰਾ ਵੇਖ
ਜੰਗਲ ਦੀ ਜਾਦੂਗਰਨੀ ਕੋਈ ਰਹੱਸਮਈ
ਬਾਤ ਪਾਵੇਗੀ
ਫਿਰ ਤੋਂ ਕੋਈ ਜਵਾਬ ਮੰਗੇਗੀ
ਤੇ ਮੇਰੇ ਤਸੱਲੀਬਖਸ਼
ਉੱਤਰ ਨਾ ਦੇਣ ਤੇ
ਮੇਰੇ ਲਹੂ ਦੀਆਂ ਕੁਰਲੀਆਂ ਕਰਦੀ
ਪਿਛਾਂਹ ਪਰਤ ਜਾਵੇਗੀ

ਇਸ ਤੋਂ ਅਗਾਂਹ ਬੈਠਾ ਮੌਤ ਦਾ ਬੁੱਢਾ ਅਜਗਰ
ਆਪਣੀ ਅੱਖ ਦੀ ਪੁਤਲੀ ਵਿੱਚ ਮੇਰੀ
ਮੌਤ ਦਾ ਨਾਟਕ ਖੇਡੇਗਾ
ਤੇ ਹਰ ਚਿਹਰੇ ਤੇ ਮੇਰੇ ਲਹੂ ਦਾ
ਛਿੱਟਾ ਦਿੰਦਾ ਹੋਇਆ

ਸਟੇਜ ਤੋਂ ਮੇਰੀ ਮੌਤ ਦਾ
ਫ਼ਰਮਾਨ ਜਾਰੀ ਕਰੇਗਾ
ਪੁਰਖ਼ਿਆਂ ਦੇ ਰਾਹ ਚਲਦਿਆਂ
ਰਸਤਿਆਂ ਵਿੱਚ ਬੜਾ ਕੁਝ ਆਵੇਗਾ।

## II

ਪੁਰਖ਼ਿਆਂ ਦੇ ਰਾਹ ਚਲਦਿਆਂ
ਮੇਰੀ ਮੌਤ ਦਾ ਕਰਿੰਦਾ
ਹੁਕਮਰਾਨ ਦਾ ਪੱਕਾ ਮੁਖ਼ਬਰ
ਮੇਰੇ ਪਿੰਡ ਦੇ ਰੁੱਖਾਂ ਦੇ ਗ਼ਲ
ਲੱਗ ਲੱਗ ਰੋਏਗਾ

ਪੁਰਖ਼ਿਆਂ ਦੇ ਰਾਹ ਚਲਦਿਆਂ
ਤਖ਼ਤ ਦਾ ਜਾਦੂਗਰ
ਹਨੇਰੇ ਦਾ ਬਾਦਸ਼ਾਹ
ਮੇਰੇ ਰਾਹਵਾਂ ਵਿੱਚ ਅੱਗ ਦੇ ਅੰਗਾਰ ਵਰਸਾਏਗਾ
ਤੇ ਮੇਰੀ ਹਿੱਕ ਤੇ ਕੋਈ ਖੌਫ਼ਨਾਕ
ਨਜ਼ਮ ਲਿਖਣਾ ਚਾਹੇਗਾ

ਤੇ ਮੈਂ ਭੈ-ਭੀਤ ਹੋਇਆ ਸ਼ਹੀਦਾਂ ਦੀ ਫੋਟੋ ਪਿੱਛੇ
ਲੁਕਣ ਲਈ ਥਾਂ ਲੱਭਾਂਗਾ
ਮੈਂ ਸ਼ਹੀਦਾਂ ਦੀ ਫੋਟੋ ਦਾ ਪਨਾਹਗੀਰ
ਸ਼ਹੀਦਾਂ ਨੂੰ ਕਿਹੜਾ ਸਵਾਲ ਕਰਾਂਗਾ ?

ਇਸ ਤੋਂ ਪਹਿਲਾਂ ਕਿ
ਤਖ਼ਤ ਦੇ ਪਾਵਿਆਂ ਤੇ ਲਿਖੀ
ਹੁਕਮਰਾਨਾ ਲਿੱਪੀ
ਸ਼ਿਲਾਲੇਖਾਂ ਵਿੱਚ ਬਦਲ ਜਾਵੇ

ਇਸ ਤੋਂ ਪਹਿਲਾਂ ਕਿ ਮੈਂ ਪਿੰਡ
ਦੀ ਰੋਹੀ ਵਿੱਚ ਬੇਨਾਮ ਮੌਤ
ਮਾਰਿਆ ਜਾਵਾਂ

ਮੈਨੂੰ ਕਤਲਗਾਹ ਵਿੱਚ ਘਾਤ
ਲਾ ਕੇ ਬੈਠੇ ਯਾਰਾਂ ਦਾ ਮਰਸੀਆ ਪੜ੍ਹਨਾ ਪਏਗਾ
ਤੇ ਉਸ ਤੋਂ ਬਾਅਦ ਹੀ ਮੇਰੇ ਪਿੰਡ ਦੇ ਲਹੂ ਨਾਲ
ਲਿਬੜੇ ਹੋਏ ਚਿੱਤਕਬਰੇ ਰੁੱਖਾਂ ਦਾ
ਮੇਰੇ ਲਹੂ ਨਾਲ ਕੋਈ
ਇਤਿਹਾਸ ਲਿਖਿਆ ਜਾਏਗਾ

ਪੁਰਖ਼ਿਆਂ ਦੇ ਰਾਹ ਚਲਦਿਆਂ
ਰਸਤਿਆਂ ਵਿੱਚ ਬੜਾ ਕੁਝ ਆਏਗਾ।

## III

ਪੁਰਖ਼ਿਆਂ ਦੇ ਰਾਹ ਚਲਦਿਆਂ
ਆਪਣੇ ਹੀ ਲਹੂ 'ਚ ਤੈਰਦਿਆਂ
ਹਨੇਰੀਆਂ ਗੁਫ਼ਾਵਾਂ 'ਚੋਂ ਲੰਘਣਾ ਪਵੇਗਾ

ਜਿੱਥੇ ਪਾਗਲ ਮੌਤ ਯੋਧਿਆਂ ਦੇ
ਗ਼ਲ ਲੱਗ ਆਖ਼ਰੀ ਸਿਸਕੀ ਭਰਦੀ ਹੈ
ਜਿੱਥੇ ਕਾਲੀ ਰਾਤ ਰੂਹਾਂ ਦੇ
ਬਿਆਨ ਲਿਖਦੀ ਹੈ

ਜਿੱਥੇ ਮੋਹ ਭਰੀ ਆਵਾਜ਼
ਪਿੱਤਰਾਂ ਤੀਕ ਪਹੁੰਚਣ ਤੋਂ ਪਹਿਲਾਂ ਹੀ
ਬਿਖ਼ਰ ਜਾਂਦੀ ਹੈ

ਜਿੱਥੇ ਪੈਗੰਬਰ ਔਲੀਏ ਸੰਤ
ਇੱਕੋ ਕਲਮਾ ਪੜ੍ਹਦੇ
ਤੇ ਰੋਹੀ ਵਿੱਚ ਬਣੀਆਂ ਪਿੰਡ ਦੀਆਂ
ਸਮਾਧਾਂ ਦੀ ਮਿੱਟੀ ਮੱਥੇ ਨਾਲ ਲਾ
ਮੌਤ ਦਾ ਆਖਰੀ ਸਫ਼ਰ ਕਰਦੇ ਹਨ

ਇਸ ਤਰ੍ਹਾਂ ਪੁਰਖ਼ਿਆਂ ਦੇ ਰਾਹ ਆਪਣੇ ਜਾਨਸ਼ੀਨਾਂ ਦੇ
ਛੁਹਲ ਕਦਮਾਂ ਤੋਂ ਜ਼ਾਂਬਾਜ਼
ਹੋਣ ਦਾ ਸਬੂਤ ਮੰਗਦੇ
ਤੇ ਵਿਰਾਸਤ ਵਿੱਚ ਮਿਲੀ ਸੌਂਕਣ
ਮੋਹਰ ਦਾ ਕਰਜ਼ ਉਤਾਰਦੇ ਉਤਾਰਦੇ
ਸੂਰਜ ਸੰਗ ਸੰਵਾਦ ਰਚਾਉਂਦੇ
ਇਸ ਤਰ੍ਹਾਂ ਸੂਰਜ ਨਾਲ ਸੰਵਾਦ ਰਚਾਉਣ
ਵਾਲਾ ਹੀ ਕੋਈ ਮਹਾਂ ਯੋਧਾ
ਅਖਵਾਏਗਾ

ਪੁਰਖ਼ਿਆਂ ਦੇ ਰਾਹ ਚਲਦਿਆਂ
ਰਸਤਿਆਂ ਵਿੱਚ ਬੜਾ ਕੁਝ ਆਏਗਾ।

✵✵

## ਲਹੂ ਵਿੱਚਲਾ ਸ਼ੋਰਾ

ਘਰੋਂ ਤੁਰਨ ਲੱਗਿਆਂ ਮੈਂ ਜਿਹੜਾ
ਪਿੰਡ ਦੀ ਰੋਹੀ ਨੂੰ
ਭੇਟ ਕਰ ਆਇਆ ਸੀ

ਹੁਣ ਉਹ ਮੇਰੇ ਸਿਰ ਚੜ੍ਹਕੇ ਬੋਲਦਾ ਹੈ ਸ਼ੋਰਾ
ਮੇਰੇ ਲਹੂ 'ਚ ਅਨਾਪ ਸ਼ਨਾਪ ਬਕਦਾ ਹੈ
ਮੇਰੀ ਹਉਮੈਂ ਨੂੰ ਲਲਕਾਰਦਾ ਹੈ

ਮੇਰੇ ਪੁਰਖ਼ਿਆਂ ਦੀ ਸ਼ਾਨਾਮੱਤੀ ਧਰੋਹਰ ਨੂੰ
ਨਿਗਲ ਜਾਣਾ ਚਾਹੁੰਦਾ ਹੈ
ਮੈਨੂੰ ਆਪਣਾ ਹੱਥਠੋਕਾ ਬਣਾ ਲੈਣਾ
ਚਾਹੁੰਦਾ ਹੈ
ਤੇ ਮੇਰੇ ਚਿਹਰੇ ਤੇ ਇੱਕ ਖੌਫ਼ਨਾਕ ਨਜ਼ਮ
ਲਿਖ ਦੇਣੀ ਚਾਹੁੰਦਾ ਹੈ

ਮੇਰੇ ਪੁਰਖ਼ੇ
ਪੀੜ੍ਹੀ ਦਰ ਪੀੜ੍ਹੀ ਇਸ ਸ਼ੋਰੇ ਨਾਲ
ਬੜੀ ਬਹਾਦਰੀ ਨਾਲ ਲੜੇ
ਪਰ ਇਹ ਸ਼ੋਰਾ ਰੂਪ ਵਟਾ ਕੇ
ਰੰਗ ਬਦਲ ਕੇ ਵਾਰ ਵਾਰ
ਸਾਡੇ ਘਰਾਂ
ਖੇਤਾਂ
ਅਤੇ ਜ਼ਮੀਰ ਵਿੱਚ ਉੱਗ ਖੜ੍ਹਦਾ ਹੈ

ਮੇਰੇ ਘਰ ਦੀਆਂ ਨੀਹਾਂ ਤੋਂ ਲੈ ਕੇ
ਮੇਰੇ ਘਰ ਦੀਆਂ ਛੱਤਾਂ ਤੀਕਰ
ਆਪਣੇ ਪੈਰ ਪਸਾਰ ਰਿਹਾ ਹੈ ਸ਼ੋਰਾ

ਤੇ ਮੈਂ ਆਪਣੀ ਜ਼ਮੀਰ ਦੇ ਸੁੱਚ ਲਈ
ਆਪਣੇ ਪੁਰਖ਼ਿਆਂ ਦੀ ਧਰੋਹਰ ਲਈ
ਮੰਡੀ ਦੇ ਇਸ ਖੌਫ਼ਨਾਕ ਸ਼ੋਰੇ ਦੇ
ਖਿਲਾਫ਼ ਲੜ ਰਿਹਾ ਹਾਂ।

## ਉਸਦੀ ਉਡੀਕ ਵਿੱਚ

ਉਸਦੀ ਉਡੀਕ ਵਿੱਚ
ਕੋਈ ਅੰਨ੍ਹਾਂ ਜੰਗਲ
ਮੇਰੇ ਮੱਥੇ ਵਿੱਚ ਉੱਗ ਆਇਆ ਹੈ

ਉਸਦੀ ਉਡੀਕ ਵਿੱਚ ਕਿਸੇ ਤਬੇਲੇ ਵਿੱਚ
ਅੱਗ ਸੇਕਣ ਵਾਲਾ ਨਹੀਂ
ਸਗੋਂ ਮੇਰੇ ਲਹੂ 'ਚ ਬੈਠਾ
***ਪਰੋਫ਼ਿਰੀਆ**** ਦਾ ਪਾਗਲ ਪ੍ਰੇਮੀ
ਕਰਵਟ ਲੈਂਦਾ ਹੈ
ਮੈਨੂੰ ਉਸਦੇ ਕਤਲ ਲਈ ਉਕਸਾਉਂਦਾ ਹੈ

ਮੈਂ ਅੰਧਕਾਰ ਦੀ ਲਿੱਪੀ ਪੜ੍ਹਦਾ ਪੜ੍ਹਦਾ
ਕਤਲਗਾਹ ਤੀਕ ਪਹੁੰਚ ਜਾਂਦਾ ਹਾਂ
ਤੇ ਆਪਣੇ ਹੀ ਲਹੂ 'ਚ ਵਾਹੋਦਾਹੀ
ਦੌੜਦਾ ਦੌੜਦਾ
ਹਨੇਰੇ ਦੀ ਪਗਡੰਡੀ ਤੇ ਜਾ
ਖੜ੍ਹਦਾ ਹਾਂ

ਉਹ ਵਰਜਨਾਵਾਂ ਦਾ ਲਿਬਾਸ ਪਹਿਨ
ਮੇਰੇ ਕੋਲ ਆਉਂਦੀ ਹੈ
ਤੇ ਆਪਣੇ ਲਹੂ ਦੇ ਜੰਗਲ ਵੱਲ
ਪਿੱਠ ਕਰਕੇ
ਆਪਣਾ ਅਰਧ ਨਗਨ ਪੋਰਟਰੇਟ
ਮੇਰੀ ਹਿੱਕ ਤੇ
ਚਿਪਕਾ ਦਿੰਦੀ ਹੈ

ਮੈਂ ਆਪਣੇ ਡਗਮਗਾਉਂਦੇ ਕਦਮ ਕਤਲਗਾਹ ਤੋਂ
ਪਿੱਛੇ ਖਿੱਚਣ ਲੱਗਦਾ ਹਾਂ

ਪਰ ਮੇਰੇ ਮੱਥੇ ਵਿੱਚਲਾ
ਪਾਗਲ ਜੰਗਲ ਆਪਣੇ
ਹੱਥਾਂ ਵਿੱਚ ਖੰਜਰ ਲਈ

ਉੱਚੀ ਸਾਰੀ ਚੀਖਦਾ ਹੈ
ਤੇ ਉਸਦੇ ਪਿੱਛੇ ਪਿੱਛੇ ਦੌੜਨ ਲੱਗਦਾ ਹੈ

ਉਸਦੀ ਉਡੀਕ ਵਿੱਚ
ਕੋਈ ਅੰਨ੍ਹਾਂ ਜੰਗਲ
ਮੇਰੇ ਮੱਥੇ ਵਿੱਚ ਉੱਗ ਆਇਆ ਹੈ।

✵✵

---

** **ਪਰੋਫਿਰੀਆ:**-'ਪਰੋਫਿਰੀਆ'ਜ਼ ਲਵਰ' ਅੰਗਰੇਜ਼ੀ ਕਵੀ ਰੋਬਰਟ ਬਰਾਉਨਿੰਗ ਦੀ ਪ੍ਰਸਿੱਧ ਕਵਿਤਾ, ਜਿਸ ਵਿੱਚ ਪ੍ਰੇਮੀ ਆਪਣੀ ਪਿਆਰ ਵਿੱਚ ਮਦਹੋਸ਼ ਪ੍ਰੇਮਿਕਾ ਦੀ.ਗਲਾ ਘੁੱਟ ਕੇ ਹੱਤਿਆ ਕਰ ਦਿੰਦਾ ਹੈ।*

## ਸ਼ਹਿਰ

ਇਸ ਸ਼ਹਿਰ ਦੀ ਹਿੱਕ ਵਿੱਚ
ਇੱਕ ਘਣਾ ਜੰਗਲ ਹੈ
ਜਿੱਥੇ ਹਨੇਰੇ ਦਾ ਬਾਦਸ਼ਾਹ
ਆਪਣੇ ਤਖ਼ਤ ਤੇ
ਬਿਰਾਜਮਾਨ ਹੈ

ਸਲਾਈਡ ਬਦਲਦੀ ਹੈ

ਉਹ ਕੋਈ ਆਦੇਸ਼ ਦਿੰਦਾ ਹੈ
ਇੱਕ ਅਲਫ਼ ਨੰਗੀ ਕੰਨਿਆਂ
ਉਸ ਦੇ ਸਾਹਮਣੇ ਨ੍ਰਿਤ ਕਰਦੀ ਹੈ
ਹਨੇਰੇ ਦਾ ਬਾਦਸ਼ਾਹ ਕੁਝ ਮੋਹਰਾਂ ਸੁੱਟਦਾ ਹੈ
ਤੇ ਕੰਨਿਆਂ ਅਲੋਪ ਹੋ ਜਾਂਦੀ ਹੈ

ਸਲਾਈਡ ਫਿਰ ਬਦਲਦੀ ਹੈ

ਫਿਰ ਇੱਕ ਭਾਲੂ ਵਰਗਾ ਵੱਡਾ ਬੰਦਾ
ਪਰਵੇਸ਼ ਕਰਦਾ ਹੈ

ਉਹ ਆਪਣੇ ਆਪ ਨੂੰ ਸ਼ਹਿਰ ਦਾ
ਕੋਤਵਾਲ ਦੱਸਦਾ ਹੈ
ਪਰ ਉਸ ਦੀ ਪੈਂਟ ਪਿੱਛੋਂ ਪਾਟੀ ਹੋਈ ਹੈ

ਸਲਾਈਡ ਇੱਕ ਵਾਰ ਫਿਰ ਬਦਲਦੀ ਹੈ

ਫਿਰ ਇੱਕ ਬੁੱਢੀ ਮਾਈ ਜਿਸਦੇ ਹੱਥ ਵਿੱਚ
ਚਰਖ਼ੇ ਦੀ ਟੁੱਟੀ ਹੋਈ
ਮਾਲ੍ਹ ਹੈ
ਰੁਦਨ ਭਰੇ ਲਹਿਜੇ ਵਿੱਚ
ਵਿਰਾਸਤੀ ਗੀਤ ਗਾਉਂਦੀ ਗਾਉਂਦੀ
ਕਿੱਧਰੇ ਗਾਇਬ ਹੋ ਜਾਂਦੀ ਹੈ

ਅੰਤ ਵਿੱਚ ਇੱਕ ਜਾਦੂਗਰਨੀ
ਦਾਖ਼ਲ ਹੁੰਦੀ ਹੈ
ਜੋ ਮੇਰੇ ਵੇਖਦਿਆਂ ਵੇਖਦਿਆਂ ਹੀ
ਸਾਰੇ ਸ਼ਹਿਰ ਨੂੰ ਨਿਗਲ ਜਾਂਦੀ ਹੈ

ਤੇ ਮੈਂ ਫਿਰ ਤੋਂ ਸਲਾਈਡ ਬਦਲਣ ਦਾ
ਇੰਤਜ਼ਾਰ ਕਰਦਾ ਹਾਂ

ਪਰ ਹੁਣ ਅਜਿਹਾ ਕੁਝ ਨਹੀਂ ਵਾਪਰਦਾ
ਸਗੋਂ ਚਾਰੇ ਪਾਸੇ ਸੰਘਣਾ ਹਨੇਰਾ ਪਸਰ ਜਾਂਦਾ ਹੈ

ਤੇ ਮੈਨੂੰ ਇਸ ਹਨੇਰੇ ਵਿੱਚ ਆਪਣਾ ਚਿਹਰਾ ਵੀ
ਓਪਰਾ ਓਪਰਾ ਜਾਪਣ ਲੱਗ ਪੈਂਦਾ ਹੈ।

✵✵

## ਮੈਂ ਤੇ ਕਵਿਤਾ

ਮੈਂ ਤੇ ਕਵਿਤਾ
ਹੁਣ ਇੱਕ ਖ਼ੂਨੀ ਭੇੜ ਵਿੱਚ ਹਾਂ

ਮੈਂ ਜਿਸ ਦਿਨ ਤੋਂ ਜੰਗਲ ਦਾ ਐਲਾਨਨਾਮਾ
ਪੜ੍ਹ ਕੇ ਆਇਆ ਹਾਂ
ਉਸੇ ਦਿਨ ਤੋਂ ਹੁਣ ਕਵਿਤਾ ਮੇਰਾ
ਲਹੂ ਮੰਗਣ ਲੱਗ ਪਈ ਹੈ

ਮੈਂ ਹੁਣ ਸ਼ਬਦਾਂ ਨੂੰ ਘੜਦਿਆਂ ਚਿਤਵਦਿਆਂ
ਉਨ੍ਹਾਂ ਨਾਲ ਸੁਪਨ ਸੇਜ਼ ਨਹੀਂ ਵਿਛਾਉਂਦਾ
ਸਗੋਂ ਹਰ ਇੱਕ ਅੱਖਰ ਨੂੰ
ਇੱਕ ਹਥਿਆਰ ਵਾਂਗ ਘੜਦਾ ਹਾਂ
ਤਾਂ ਕਿ ਸ਼ਬਦ
ਸਹੀ ਸਹੀ ਕਵਿਤਾ ਵਰਗੇ ਲੱਗਣ

ਅੱਖਰਾਂ ਨੂੰ ਇਸ ਤਰ੍ਹਾਂ ਘੜਦਿਆਂ ਚਿਤਵਦਿਆਂ
ਮੈਂ ਅਕਸਰ ਆਪਣੇ ਲਹੂ ਵਿੱਚਲਾ
ਸੰਗੀਤ ਸੁਣਦਾ ਹਾਂ

ਮੈਂ ਤੇ ਕਵਿਤਾ
ਹੁਣ ਇੱਕ ਖ਼ੂਨੀ ਭੇੜ ਵਿੱਚ ਹਾਂ।

✵✵

# ਤੁਗਲ਼ਕ ਦਾ ਭੂਤ

ਅਸੀਂ ਸਾਰੇ
ਜੋ ਕਿ ਸਦੀਆਂ ਤੋਂ ਹੀ ਬੀਮਾਰ ਹਾਂ
ਲਾਚਾਰ ਹਾਂ
ਪਰ ਸਮਰੱਥ ਹਾਂ

ਤੁਗਲ਼ਕ ਦੇ ਇਸ ਭੂਤ ਤੋਂ ਕਿਉਂ ਡਰਦੇ ਹਾਂ?
ਅਸੀਂ ਇਸਨੂੰ ਫੜਕੇ ਹੁਣ
ਮਾਰ ਕਿਉਂ ਨਹੀਂ ਦਿੰਦੇ?

ਤੁਗਲ਼ਕ ਦਾ ਇਹ ਭੂਤ ਜੋ ਹੁਣ
ਸਾਡੇ ਮੱਥਿਆਂ ਵਿੱਚ ਰਹਿੰਦਾ ਹੈ
ਆਪਣੀਆਂ ਖ਼ੂਨੀ ਨਹੁੰਦਰਾਂ ਨਾਲ
ਸਾਡੇ ਚਿਹਰਿਆਂ ਨੂੰ ਖ਼ਰੋਚਦਾ ਹੈ
ਹਰ ਝੂਠੀ ਸੱਚੀ ਕੁਰਸੀ ਦੀ
ਪਰਿਕਰਮਾ ਕਰਦਾ ਹੈ
ਮਨਚਾਹਿਆ ਰੂਪ ਵਟਾ ਸਕਦਾ ਹੈ
ਸ਼ਹਿਰ ਦੀਆਂ ਕਠਪੁਤਲੀਆਂ ਨੂੰ
ਜਿਤਾ ਸਕਦਾ ਹੈ
ਹਰਾ ਸਕਦਾ ਹੈ
ਜਾਂ ਫਿਰ ਭਰੇ ਚੌਰਾਹੇ 'ਚ ਕਿਸੇ ਦਾ ਵੀ
ਕਤਲ ਕਰਾ ਸਕਦਾ ਹੈ

ਅਸੀਂ ਇਸਨੂੰ ਫੜਕੇ ਹੁਣ
ਮਾਰ ਕਿਉਂ ਨਹੀਂ ਦਿੰਦੇ?

ਜੋ ਆਏ ਦਿਨ ਸਾਡੀ ਸੋਚ ਵਿੱਚ
ਦੰਭ ਬੀਜਦਾ ਹੈ
ਜੋ ਸਾਡੇ ਹਰੇ ਭਰੇ ਖੇਤਾਂ 'ਚ
ਖ਼ੁਦਕੁਸ਼ੀ ਉਗਾਉਂਦਾ ਹੈ
ਜੋ ਹਰ ਦਿਨ
ਹਰ ਤਿਉਹਾਰ ਤੇ
ਮਨਚਾਹੀ ਰਾਸ ਪਾਉਂਦਾ ਹੈ

ਜੋ ਭਰੇ ਬਜ਼ਾਰ 'ਚ ਸ਼ਰੇਆਮ
ਆਪਣਾ ਖੋਟਾ ਸਿੱਕਾ ਚਲਾਉਂਦਾ ਹੈ

ਅਸੀਂ ਇਸਨੂੰ ਫੜਕੇ ਹੁਣ
ਮਾਰ ਕਿਉਂ ਨਹੀਂ ਦਿੰਦੇ?

ਜੋ ਜਿਉਂਦੇ ਜਾਗਦੇ ਬੰਦਿਆਂ ਨੂੰ
ਹਾਲਾਤਾਂ ਦਾ ਬਾਂਦਰ ਬਣਾਉਂਦਾ ਹੈ
ਜੋ ਸਾਡੇ ਸਾਰਿਆਂ ਦਾ ਸੂਰਜ ਆਪਣੀ
ਜੇਬ 'ਚ ਪਾਈ ਫਿਰਦਾ ਹੈ

ਅਸੀਂ ਤੁਗਲਕ ਦੇ ਇਸ ਭੂਤ ਨੂੰ
ਹੁਣ ਮਾਰ ਕਿਉਂ ਨਹੀਂ ਦਿੰਦੇ?

✵✵

## ਬਜ਼ਾਰ

ਜਿਸ ਬਜ਼ਾਰ ਵਿੱਚ ਤੁਸੀਂ
ਖੜੇ ਹੋ
ਇਸ ਦੇ ਪਿੱਛੇ ਇੱਕ ਹੋਰ
ਬਜ਼ਾਰ ਹੈ
ਤੇ ਇਸਦੇ ਪਿੱਛੇ ਇੱਕ ਵੱਡੀ
ਮੰਡੀ ਹੈ

ਸ਼ਾਇਦ ਤੁਸੀਂ ਨਹੀਂ ਜਾਣਦੇ
ਤੁਹਾਡੀ ਪਤਨੀ ਦੀਆਂ
ਹਰੀਆਂ ਵੰਗਾਂ ਤੋਂ ਲੈ ਕੇ
ਤੁਹਾਡੇ ਬੱਚੇ ਦੇ ਰੰਗਲੇ
ਗ਼ੁਬਾਰੇ ਤੱਕ

ਰੰਗਲੇ ਗ਼ੁਬਾਰੇ ਤੋਂ ਲੈ ਕੇ
ਘਰ ਦੇ ਢਾਰੇ ਤੱਕ
ਕੋਈ ਤੁਹਾਡਾ ਪਿੱਛਾ ਕਰਦਾ ਹੈ
ਤੇ ਤੁਹਾਨੂੰ ਉਸਦੀ
ਪੈੜ ਨਜ਼ਰ ਵੀ ਆਉਂਦੀ ਹੈ
ਪਰ ਤੁਸੀਂ ਇਸ ਪੈੜ ਨੂੰ
ਨਜ਼ਰ ਅੰਦਾਜ਼ ਕਰ ਦਿੰਦੇ ਹੋ

ਤੁਹਾਡੇ ਮੱਥੇ ਵਿੱਚ ਬੋਹੜ ਉੱਗਣ ਲੱਗਦਾ ਹੈ
ਤੇ ਤੁਸੀਂ ਇਸ ਨੂੰ ਇੱਕੋ ਹੀ ਝਟਕੇ
ਨਾਲ ਵੱਢ ਸੁੱਟਦੇ ਹੋ
ਤੁਹਾਡੀ ਰੂਹ ਵਿੱਚ ਕੋਈ ਦੀਵਾ ਬਲਣ ਲੱਗਦਾ ਹੈ
ਤੁਸੀਂ ਇਸ ਨੂੰ ਵੀ ਬੁਝਾ ਦਿੰਦੇ ਹੋ

ਤੁਸੀਂ ਆਪਣੀ ਵਿਰਾਸਤ ਪਿੱਛੇ ਝਗੜਾ ਕਰਕੇ
ਲਹੂ-ਲੁਹਾਨ ਵੀ ਨਹੀਂ ਹੁੰਦੇ
ਮੈਂ ਜਾਣਦਾ ਹਾਂ
ਤੁਸੀਂ ਇੱਕ ਚੰਗੇ ਸ਼ਹਿਰੀ ਹੋ
ਆਜ਼ਾਦ ਭਾਰਤ ਦੇ
ਆਜ਼ਾਦ ਨਾਗਰਿਕ ਹੋ

ਪਰ ਫਿਰ ਵੀ ਮੈਂ ਤੁਹਾਡੀ ਰੂਹ
ਵਿੱਚ ਪਸਰ ਰਹੇ ਹਨੇਰੇ ਤੋਂ
ਤੁਹਾਨੂੰ ਸਾਵਧਾਨ ਕਰਦਾ ਹਾਂ
ਤੇ ਇੱਕ ਬਲਦਾ ਉਪਦੇਸ਼
ਤੁਹਾਡੇ ਨਾਮ ਕਰਦਾ ਹਾਂ

ਤੁਸੀਂ ਆਪਣੀ ਪਤਨੀ ਨਾਲ
ਆਪਣੇ ਬੱਚਿਆਂ ਨਾਲ
ਬਜ਼ਾਰ ਜ਼ਰੂਰ ਜਾਓ
ਆਪਣੇ ਸੀਨੇ ਵਿੱਚ ਸੁਲਗਦੀ
ਸਤਰੰਗੀ ਪੀਂਘ ਉਹਨਾਂ ਨੂੰ
ਜਰੂਰ ਵਿਖਾਓ

ਪਰ ਉਨ੍ਹਾਂ ਨੂੰ ਆਪਣੀ
ਡੁੱਬ ਰਹੀ ਵਿਰਾਸਤ ਦਾ
ਉਦਾਸ ਨਗਮਾ ਵੀ ਜ਼ਰੂਰ ਸੁਣਾਓ।

✵✵

## ਇੱਕ ਖ਼ਾਨਾਬਦੋਸ਼ ਰਾਤ

ਉੱਚੇ ਤਖ਼ਤਾਂ ਨੂੰ ਵੰਗਾਰਦੀ
ਬਾਦਸ਼ਾਹਾਂ ਨੂੰ ਲਲਕਾਰਦੀ
ਕਦੇ ਜਿੱਤਦੀ ਕਦੇ ਹਾਰਦੀ
ਲਹੂ-ਲੁਹਾਨ ਤੇ ਥੱਕੀ ਹਾਰੀ
ਇੱਕ ਖ਼ਾਨਾਬਦੋਸ਼ ਰਾਤ
ਮੇਰੇ ਦਰ ਤੇ ਉਤਰ ਆਈ ਹੈ

ਇਸ ਰਾਤ ਵਿੱਚੋਂ ਜੈਮਲ ਫ਼ੱਤੇ ਦੀ
ਰੂਹ ਬੋਲਦੀ ਹੈ
ਇਸ ਰਾਤ ਵਿੱਚੋਂ ਜਿਵੇਂ ਦੁੱਲਾ ਭੱਟੀ
ਗਰਜ਼ਦਾ ਹੈ

ਇਸ ਦੇ ਮੱਥੇ ਤੇ ਇੱਕ ਡੂੰਘਾ ਖੁਣਿਆ
ਸਿਆਹ ਕਾਲਾ ਚੰਦਰਮਾ ਹੈ
ਇਸਦੇ ਚਿਹਰੇ ਤੇ ਇੱਕ ਡੁਬਦੇ ਕਬੀਲੇ ਦੇ
ਨਕਸ਼ ਹਨ
ਇਸ ਦੇ ਸੀਨੇ ਵਿੱਚ ਲੱਖਾਂ ਹੀ ਕਾਲੇ ਹਿਰਨਾਂ ਦਾ
ਰੁਦਨ ਹੈ
ਇਸ ਦੀ ਹਿੱਕ ਤੇ ਕੁਝ
ਓਪਰੀ ਭਾਸ਼ਾ ਵਿੱਚ ਉੱਕਰੇ ਹੋਏ
ਕਬਾਇਲੀ ਫ਼ਰਮਾਨ ਹਨ
ਜਾਂ ਫਿਰ ਵਿਰਾਸਤ ਵਿੱਚ ਮਿਲੀ ਹੋਈ
ਇੱਕ ਕਾਲੀ ਬਿੱਲੀ ਦੀ ਜ਼ੇਰ ਹੈ

ਇਹ ਜੰਗਲੀ ਰਾਤ ਚਾਹੁੰਦੀ ਹੈ ਕਿ
ਮੈਂ ਆਪਣੇ ਦਰ ਤੇ ਇਸ ਦਾ
ਜ਼ੋਰਦਾਰ ਸਵਾਗਤ ਕਰਾਂ
ਅੱਜ ਤੋਂ ਇਸ ਦਾ ਜਾਨਸ਼ੀਨ ਕਹਾਵਾਂ
ਇਸ ਦੀ ਆਮਦ ਤੇ ਆਪਣੇ ਵਿਹੜੇ 'ਚ
ਆਪਣੇ ਲਹੂ ਦਾ ਦੀਵਾ ਬਾਲਾਂ
ਤੇ ਫਿਰ ਤੋਂ ਸੂਰਜ ਸੰਗ ਕੋਈ ਖ਼ੂਨੀ
ਸੰਵਾਦ ਰਚਾਵਾਂ

ਤੇ ਉਸ ਦਾ ਇੱਕ ਟੁਕੜਾ ਇਸ ਦੇ ਕਦਮਾਂ ਵਿੱਚ
ਅਰਪਿਤ ਕਰਾਂ
ਤੇ ਜਿਨ੍ਹਾਂ ਗ੍ਰੰਥਾਂ ਉਪਨਿਸ਼ਦਾਂ ਵਿੱਚ ਇਸਦੇ
ਨਾਂ ਦਾ ਜ਼ਿਕਰ ਤੱਕ ਨਹੀਂ
ਉਨ੍ਹਾਂ ਗ੍ਰੰਥਾਂ ਉਪਨਿਸ਼ਦਾਂ ਨੂੰ ਇਸਦੇ ਸਾਹਮਣੇ ਹੀ
ਆਪਣੇ ਹੱਥੀਂ ਪਾੜ ਦਿਆਂ
ਜਾਂ ਫਿਰ ਮਸਾਣਾਂ ਵਿੱਚ ਬਲਦੀ ਅਗਨ ਦੇ
ਭੇਟ ਕਰ ਦਿਆਂ
ਤੇ ਇਤਿਹਾਸ ਦੇ ਹਰ ਕਾਣੇ ਨਾਇਕ ਨੂੰ
ਇੱਕ ਗੰਦੀ ਗਾਲ੍ਹ ਕੱਢਾਂ

ਜਲਦ ਤੋਂ ਜਲਦ ਆਪਣੇ ਕਬੀਲੇ ਦਾ
ਅਸਲੀ ਕਾਤਲ ਲੱਭਾਂ
ਤੇ ਰਾਤ ਦੇ ਦੂਜੇ ਪਹਿਰ ਉਸ ਨੂੰ ਰੋਹੀ ਦੇ
ਕਿੱਕਰ ਸੰਗ ਫਾਹੇ ਲਾ ਦਿਆਂ

ਮੇਰੇ ਪੁਰਖਿਆਂ ਦੀਆਂ ਰੂਹਾਂ ਡੰਗਦੀ
ਮੇਰੇ ਨਕਸ਼ ਉਧਾਰ ਮੰਗਦੀ
ਸੂਰਜ ਵਿਹੂਣੀ
ਨਾ ਕੋਈ ਦੀਵਾ
ਘਣੇ ਹਨੇਰੇ ਦਾ ਲੈ ਆਸਰਾ ਫਿਰ ਤੋਂ ਓਹੀ
ਪੁਰਾਣੀ ਬਾਤ ਪਾਈ ਹੈ

ਇੱਕ ਖ਼ਾਨਾਬਦੋਸ਼ ਰਾਤ
ਮੇਰੇ ਦਰ ਤੇ ਉਤਰ ਆਈ ਹੈ।

✵✵

## ਮੇਰੀ ਆਵਾਜ਼

ਇਸ ਸੰਸਿਆਂ ਭਰੇ ਸ਼ਹਿਰ ਵਿੱਚ
ਹਰ ਦਿਨ
ਹਰ ਪਲ
ਮਰ ਰਹੀ ਹੈ ਮੇਰੀ ਆਵਾਜ਼

ਇਸ ਸ਼ਹਿਰ ਦੀਆਂ ਗਲੀਆਂ ਚੌਰਾਹਿਆਂ
ਅਤੇ ਸੜਕਾਂ ਤੇ
ਆਪਣੇ ਜ਼ਖ਼ਮਾਂ ਥਾਣੀ ਕਤਰਾ ਕਤਰਾ
ਡੁੱਲ੍ਹ ਰਿਹਾਂ ਹਾਂ ਮੈਂ

ਮੇਰੇ ਆਲੇ ਦੁਆਲੇ ਮੰਡੀ ਦਾ ਸ਼ੋਰ
ਜਿੰਨਾ ਜ਼ਿਆਦਾ ਉੱਚਾ ਹੁੰਦਾ ਜਾਂਦਾ ਹੈ
ਉਨੀ ਹੀ ਧੀਮੀ ਪੈ ਰਹੀ ਹੈ
ਮੇਰੀ ਆਵਾਜ਼
ਆਪਣੀ ਹੀ ਖਾਮੋਸ਼ੀ 'ਚ ਡੁੱਬ ਰਿਹਾ ਹਾਂ ਮੈਂ

ਇਸ ਸ਼ਹਿਰ ਦੇ ਚਾਰੇ ਰਿਆਸਤੀ ਦਰਵਾਜ਼ਿਆਂ ਤੇ
ਮੇਰੀ ਮੌਤ ਦਾ ਕਰੜਾ ਪਹਿਰਾ ਹੈ
ਜਾਦੂਗਰਾਂ ਦੇ ਇਸ ਸ਼ਹਿਰ 'ਚ
ਮੇਰੇ ਹੱਥੀਂ ਲਾਏ ਰੁੱਖ
ਇੱਕ ਇੱਕ ਕਰਕੇ ਅਗਵਾ ਹੋ ਰਹੇ
ਤੇ ਮੈਂ ਦੂਜੇ ਦਿਨ ਆਪਣੇ ਹੱਥੀਂ ਲਾਏ ਰੁੱਖਾਂ ਦੇ ਕਤਲ ਦੀ
ਖ਼ਬਰ
ਅਖ਼ਬਾਰ ਵਿੱਚ ਪੜ੍ਹਦਾ ਹਾਂ

ਇਸ ਕੁਲਹਿਣੇ ਸ਼ਹਿਰ ਵਿੱਚ ਹੁਣ ਜਦੋਂ ਵੀ ਕੋਈ
ਜਾਗਦੇ ਰਹੋ ਦਾ ਹੋਕਾ ਦਿੰਦਾ ਹੈ ਤਾਂ
ਆਪਣੇ ਮਨ ਦੇ ਹਨੇਰਿਆਂ 'ਚੋਂ
ਅੱਭਵੜਵਾਹੇ ਜਾਗ ਉੱਠਦਾ ਹਾਂ
ਆਪਣੇ ਪੁਰਖ਼ਿਆਂ ਨੂੰ ਆਪਣੇ ਲਹੂ 'ਚੋਂ
ਜਗਾਉਂਦਾ ਹਾਂ

ਤੇ ਆਪਣੇ ਜੀਨਾਂ ਵਿੱਚਲੀ ਅੱਗ ਨਾਲ
ਬਹਿਸ ਕਰਦਾ ਹਾਂ
ਅੰਧਕਾਰ ਦੀਆਂ ਪੌੜੀਆਂ ਚੜ੍ਹਦਾ ਚੜ੍ਹਦਾ
ਆਪਣੀ ਮਰ ਰਹੀ ਆਵਾਜ਼ ਲਈ
ਆਪਣੇ ਪੁਰਖ਼ਿਆਂ ਦੀ ਵਿਰਾਸਤ ਲਈ

ਆਪਣੇ ਲਹੂ 'ਚ ਪਸਰ ਰਹੀ ਮਾਰਕੀਟ ਦੇ ਖਿਲਾਫ਼
ਇੱਕ ਜੰਗ ਦਾ ਐਲਾਨ ਕਰਦਾ ਹਾਂ

ਇਸ ਸੰਸਿਆਂ ਭਰੇ ਸ਼ਹਿਰ ਵਿੱਚ
ਹਰ ਦਿਨ
ਹਰ ਪਲ
ਮਰ ਰਹੀ ਹੈ ਮੇਰੀ ਆਵਾਜ਼।

✵✵

## ਜੰਗਲ ਦਾ ਗੀਤ

ਜੰਗਲ
ਕਿਸੇ ਦਾ ਮੁਹਤਾਜ਼ ਨਹੀਂ ਹੁੰਦਾ
ਜੰਗਲ ਦਾ ਆਪਣਾ ਹੀ ਇੱਕ ਸਾਮਰਾਜ ਹੈ

ਜੰਗਲ ਆਪਣੇ ਸਾਮਰਾਜ ਦੀ ਭਾਸ਼ਾ ਰਾਹੀਂ
ਬੋਲਦਾ ਹੈ
ਜੰਗਲ ਵਿੱਚ ਸਿਰਫ਼ ਮਾਸਖ਼ੋਰੇ ਹੀ ਨਹੀਂ ਰਹਿੰਦੇ
ਆਦਮੀ ਵੀ ਵਾਸ ਕਰਦਾ ਹੈ
ਜਿਸਦਾ ਜੰਗਲ ਨਾਲ ਲਹੂ ਮਾਸ ਦਾ
ਰਿਸ਼ਤਾ ਹੈ

ਜੰਗਲ ਵਿੱਚ ਜ਼ਰਾ ਜਿੰਨੀ ਵੀ ਹਰਕਤ
ਹੋਣ ਤੇ
ਸਾਰੇ ਦਾ ਸਾਰਾ ਜੰਗਲ
ਦਹਾੜ ਉੱਠਦਾ ਹੈ
ਉਦੋਂ ਜੰਗਲ ਆਪਣੇ ਰੁੱਖਾਂ ਨੂੰ
ਕੋਈ ਜੰਗਲੀ ਭਾਸ਼ਾ ਵਿੱਚ
ਫ਼ਰਮਾਨ ਦਿੰਦਾ ਹੈ

ਇਸ ਤਰ੍ਹਾਂ ਫਿਰ ਜੰਗਲ ਆਪਣੇ ਹਰ ਇੱਕ
ਬਾਸ਼ਿੰਦੇ ਦੇ ਮੱਥੇ ਵਿੱਚ
ਉੱਗਣ ਲੱਗਦਾ ਹੈ

ਜੰਗਲ ਦਾ ਇਸ ਤਰ੍ਹਾਂ ਮੱਥਿਆਂ ਵਿੱਚ
ਉੱਗ ਪੈਣਾ
ਸੱਭਿਅਤਾ ਲਈ ਖ਼ਤਰਨਾਕ ਹੁੰਦਾ ਹੈ
ਜੰਗਲ ਦਾ ਆਪਣਾ ਹੀ ਇੱਕ ਸਾਮਰਾਜ ਹੈ।

## II

ਜੰਗਲ ਦਾ ਆਪਣਾ ਹੀ ਇੱਕ
ਵਿਧਾਨ ਹੁੰਦਾ ਹੈ
ਜੰਗਲ ਜਲਦੀ ਜਲਦੀ ਸੱਭਿਅਤਾ ਦਾ
ਈਂਧਣ ਨਹੀਂ ਬਣਦਾ

ਜੰਗਲ ਹਨੇਰੀਆਂ ਰਾਤਾਂ ਵਿੱਚ ਆਪਣੇ
ਗੁਰੀਲਿਆਂ ਦੀਆਂ
ਅੱਖਾਂ ਵਿੱਚ
ਮਘਦੇ ਅੰਗਿਆਰਾਂ ਵਾਂਗੂੰ
ਲਟ ਲਟ ਬਲਦਾ ਹੈ

ਜੰਗਲ ਜਦੋਂ ਕਿਸੇ ਝੱਖੜ ਦੇ ਸਨਮੁੱਖ ਹੁੰਦਾ ਹੈ ਤਾਂ
ਉਦੋਂ ਜੰਗਲ ਵਿੱਚ ਵਸਦਾ ਹਰ ਇੱਕ ਚਿਹਰਾ
ਰੂਪੋਸ਼ ਹੋਣ ਲੱਗਦਾ ਹੈ
ਫਿਰ ਜੰਗਲ ਵਿੱਚ ਡੁਲ੍ਹਦੇ ਲਹੂ ਤੇ ਮਾਸ ਦੀ
ਗੰਧ ਵਿੱਚ
ਤਿੱਖੀ ਬਹਿਸ ਸ਼ੁਰੂ ਹੁੰਦੀ ਹੈ

ਉਦੋਂ ਜੰਗਲ ਸੱਭਿਅਤਾ ਦੀ ਭਾਸ਼ਾ
ਸਮਝਣ ਤੋਂ ਇਨਕਾਰੀ ਹੋ ਜਾਂਦਾ ਹੈ

ਤੇ ਆਪਣੇ ਬਸ਼ਿੰਦਿਆਂ ਦੇ ਲਹੂ ਵਿੱਚ
ਆਪਣੇ ਰੁੱਖਾਂ ਸਣੇ
ਵਾਹੋ ਦਾਹੀ
ਦੌੜਨ ਲੱਗਦਾ ਹੈ

ਇਹ ਦੌੜ ਫਿਰ ਨਾ ਖਤਮ ਹੋਣ
ਵਾਲੀ ਹੁੰਦੀ ਹੈ
ਤੇ ਇਸ ਦੌੜ ਵਿੱਚ ਬੜਾ ਕੁਝ ਸੜ ਕੇ
ਸੁਆਹ ਹੋਣ ਲੱਗਦਾ ਹੈ।

## III

ਜੰਗਲ ਕਦੇ ਵੀ ਨਕਸਲੀ ਜਾਂ ਮਾਓਵਾਦੀ
ਨਹੀਂ ਹੁੰਦਾ
ਜੰਗਲ ਤਾਂ ਸਿਰਫ਼
ਜੰਗਲ ਹੁੰਦਾ ਹੈ

ਜੰਗਲ ਵਿੱਚ ਅਹਿੰਸਾ ਦਾ ਮੁਰਦਾ ਸਿਧਾਂਤ
ਕਿਸੇ ਅਰਥਹੀਣ ਰੁੱਖ ਨਾਲ
ਲੰਗੂਰ ਵਾਂਗ
ਪੁੱਠਾ ਲਟਕਿਆ ਰਹਿੰਦਾ ਹੈ

ਜੰਗਲ ਇਸ ਤਰ੍ਹਾਂ ਦੀ ਪੈਂਤੜੇ ਬਾਜ਼ੀ ਦੇ
ਸਖ਼ਤ ਖ਼ਿਲਾਫ ਹੈ

ਜੰਗਲ ਆਪਣੇ ਆਪ ਵਿੱਚ ਸੰਪੂਰਨ ਹੈ
ਜਾਂਬਾਜ਼ ਹੈ
ਸਿਰਜਕ ਹੈ
ਤੇ ਹਤਿਆਰਾ ਵੀ

ਇਸ ਤਰ੍ਹਾਂ ਜੰਗਲ ਆਪਣੇ ਰੁੱਖਾਂ ਤੇ ਕਦੇ ਵੀ
ਫ਼ਲਸਫ਼ਿਆਂ ਦੀ ਪਿਊਂਦ ਨਹੀਂ ਚੜ੍ਹਾਉਂਦਾ
ਸਗੋਂ ਆਪਣੇ ਹਰ ਇੱਕ ਰੁੱਖ ਨੂੰ
ਆਪਣੇ ਹੀ ਲਹੂ ਨਾਲ
ਨਹਾਉਂਦਾ ਹੈ

ਜੰਗਲ ਦਾ ਹਰ ਇੱਕ ਸੂਰਜ
ਇਸੇ ਹੀ ਲਹੂ ’ਚੋਂ
ਉਦੈ ਹੁੰਦਾ ਹੈ।

## IV

ਜੰਗਲ ਜਦ ਸੰਸਦ ਭਵਨ ਦੀਆਂ ਕੁਰਸੀਆਂ ਤੇ
ਉੱਗਣ ਲੱਗਦਾ ਹੈ ਤਾਂ
ਉਦੋਂ ਜੰਗਲ ਹਾਕਮਾਂ ਦੀ ਦੋਹਰੀ ਭਾਸ਼ਾ
ਸਮਝਣ ਤੋਂ ਇਨਕਾਰੀ
ਹੋ ਜਾਂਦਾ ਹੈ

ਜੰਗਲ ਉਦੋਂ ਉੱਚੀ ਉੱਚੀ ਚੀਖ਼ਦਾ ਹੈ
ਤੇ ਲਹੂ ਨਾਲ ਲੱਥ ਪੱਥ ਫ਼ਰਮਾਨ
ਜਾਰੀ ਕਰਦਾ ਹੈ

ਜੰਗਲ ਨੂੰ ਇਸ ਰੂਪ ਵਿੱਚ ਵੇਖਦਿਆਂ
ਸੰਸਦ ਭਵਨ ਦੀ ਅੱਖ ਦੀ ਪੁਤਲੀ 'ਚ
ਹਨੇਰ ਪਸਰਣ ਲੱਗਦਾ ਹੈ

ਤਾਂ ਉਦੋਂ ਫਿਰ ਜੰਗਲ ਦੇ ਸਿਰ
ਭਾਰੀ ਇਨਾਮ ਵਾਲਾ ਇੱਕ ਲਹੂ 'ਚ ਰੰਗਿਆ
ਇਸ਼ਤਿਹਾਰ ਜਾਰੀ ਹੁੰਦਾ ਹੈ

ਤੇ ਇਹ ਇਸ਼ਤਿਹਾਰ ਉਸ ਹਰ ਇੱਕ ਰੁੱਖ ਦੀ
ਟਹਿਣੀ ਨਾਲ ਚਿਪਕਾਇਆ ਜਾਂਦਾ ਹੈ
ਜੋ ਸੰਸਦ ਦੀ ਮੁਹਾਰਨੀ ਸਮਝਣ ਤੋਂ
ਇਨਕਾਰੀ ਹੁੰਦਾ ਹੈ

ਉਂਝ ਜੰਗਲ ਦਾ ਆਪਣਾ ਹੀ ਇੱਕ ਸਾਮਰਾਜ ਹੈ
ਤੇ ਜੰਗਲ ਆਪਣੇ ਸਾਮਰਾਜ ਦੀ
ਭਾਸ਼ਾ ਰਾਹੀਂ ਬੋਲਦਾ ਹੈ।

✵✵

## ਦਰਵਾਜ਼ੇ

ਇੱਕ
ਇੱਕ ਕਰਕੇ
ਮੇਰੀ ਰੂਹ ਦੇ ਸਾਰੇ ਦਰਵਾਜ਼ੇ
ਬੰਦ ਹੋ ਰਹੇ ਹਨ

ਮੇਰੇ ਚਾਰੇ ਪਾਸੇ ਅੰਧਕਾਰ ਦਾ ਪਹਿਰਾ ਹੈ

ਤਾਰਾ ਆਉਂਦੀ ਹੈ
ਦਰਵਾਜ਼ਾ ਖੜਕਾਉਂਦੀ ਹੈ
ਉਸ ਦੇ ਦਰਦ ਭਿੱਜੇ ਬੋਲ
ਕਾਠ ਦੇ ਤਖ਼ਤਿਆਂ ਤੇ ਲਹੂ ਦੀਆਂ ਬੂੰਦਾਂ ਵਾਂਗਰ
ਡਿੱਗ ਰਹੇ ਹਨ

ਹੁਣ ਪਤਾ ਨਹੀਂ ਇਹ ਦਰਵਾਜ਼ਾ
ਕਦ ਖੁੱਲ੍ਹੇਗਾ?

✵✵

## ਰਾਤ ਦੀ ਰਾਣੀ

ਰਾਤ ਦੀ ਰਾਣੀ ਮੇਰੇ
ਨਕਸ਼ ਡੀਕ ਜਾਣਾ ਚਾਹੁੰਦੀ ਹੈ

ਰਾਤ ਦੀ ਰਾਣੀ ਚਾਹੁੰਦੀ ਹੈ ਕਿ
ਮੈਂ ਆਪਣਾ ਮਸ਼ਾਲ ਵਾਲਾ ਹੱਥ
ਕੱਟ ਕੇ ਕਿੱਧਰੇ ਦੂਰ ਸੁੱਟ ਦਿਆਂ
ਤੇ ਆਪਣੀ ਰੂਹ ਕਾਲ਼ੇ ਰੁੱਖ ਤੇ ਟੰਗ ਦਿਆਂ
ਜਿਸ ਦੇ ਹੇਠ ਖ਼ੂੰਖਾਰ ਘੜਿਆਲਾਂ ਦਾ ਵਾਸਾ ਹੈ

ਰਾਤ ਦੀ ਰਾਣੀ ਚਾਹੁੰਦੀ ਹੈ ਕਿ
ਮੈਂ ਉਸ ਦੇ ਪਿਰਾਮਿਡਾਂ ਜਿਹੇ ਉਭਾਰਾਂ ਤੇ
ਕਾਮੁਕ ਚਿੱਤਰਕਾਰੀ ਕਰਾਂ
ਉਸ ਦੇ ਨਿਤੰਭਾਂ ਨੂੰ ਥਪਥਪਾਵਾਂ
ਹਨੇਰੀ ਗੁਫ਼ਾ 'ਚ ਉਸ ਦੇ ਸੰਗ
ਮਹਾਂ ਸੰਭੋਗ ਰਚਾਵਾਂ
ਸਿਰਫ਼ ਤੇ ਸਿਰਫ਼ ਉਸ ਦੇ ਜਿਸਮ ਦਾ
ਯੱਕਾ ਖਿੱਚੀ ਜਾਵਾਂ

ਰਾਤ ਦੀ ਰਾਣੀ ਚਾਹੁੰਦੀ ਹੈ ਕਿ
ਮੈਂ ਜੰਗਲ ਵਿੱਚ ਅਜੇ ਅੱਗ ਦਾ ਹੋਕਾ ਨਾ ਦਿਆਂ
ਬਾਗੀ ਗੁਰੀਲਿਆਂ ਨੂੰ ਨਾ ਉਕਸਾਵਾਂ
ਉਹ ਚਾਹੁੰਦੀ ਹੈ ਕਿ
ਮੈਂ ਰਾਜੇ ਦੇ ਅੰਗ ਰੱਖਿਅਕਾਂ ਦੀ ਗੱਲ ਮੰਨ ਲਵਾਂ
ਤੇ ਹਾਲ ਦੀ ਘੜੀ ਰੋਸ਼ਨੀ ਦੀ ਬਾਤ ਨਾ ਪਾਵਾਂ

ਰਾਤ ਦੀ ਰਾਣੀ ਮੇਰੇ ਅੰਦਰਲੇ ਜੁਆਲਾਮੁਖੀਆਂ ਤੇ
ਨਗਨ ਨ੍ਰਿਤ ਕਰਨਾ ਚਾਹੁੰਦੀ ਹੈ
ਉਹ ਚਾਹੁੰਦੀ ਹੈ ਕਿ ਮੈਂ ਸੂਰਜ ਨਾਲੋਂ
ਸਦਾ ਲਈ ਨਾਤਾ ਤੋੜ ਦਿਆਂ

ਤੇ ਸਿਆਹ ਕਾਲੀਆਂ ਰਾਤਾਂ ਦਾ
ਵਫ਼ਾਦਾਰ ਸਿਪਾਹੀ ਬਣ ਜਾਵਾਂ
ਤੇ ਆਪਣੇ ਹਿੱਸੇ ਦਾ ਹਰ ਅੰਗਿਆਰ ਹਰ ਜੁਗਨੂੰ
ਉਸ ਨੂੰ ਅਰਪਿਤ ਕਰ ਦਿਆਂ

ਰਾਤ ਦੀ ਰਾਣੀ ਚਾਹੁੰਦੀ ਹੈ ਕਿ
ਮੈਂ ਆਪਣੇ ਪੁਰਿਖ਼ਆਂ ਦੇ ਫ਼ਰਮਾਨ
ਤੇ ਜ਼ਿਹਨ 'ਚ ਸੁਲਗਦੇ ਸੂਰਜ ਨੂੰ
ਇੱਕ ਡੂੰਘਾ ਟੋਆ ਪੁੱਟ ਕੇ
ਕਿਤੇ ਦੂਰ ਦਫ਼ਨ ਕਰ ਆਵਾਂ

ਰਾਤ ਦੀ ਰਾਣੀ ਚਾਹੁੰਦੀ ਹੈ ਕਿ ਮੈਂ ਅਜੇ
ਰੋਸ਼ਨੀ ਦੀ ਬਾਤ ਨਾ ਪਾਵਾਂ।

✵✵

# ਜੰਗ ਦਾ ਮੈਦਾਨ

ਜੰਗ ਦੇ ਮੈਦਾਨ ਵਿੱਚ ਵੱਢੇ ਹੋਏ ਸਿਰ
ਜ਼ਿਆਰਤ
ਕਰਦੇ ਨਜ਼ਰ ਆਉਂਦੇ ਹਨ

ਜੰਗ ਦੇ ਮੈਦਾਨ ਵਿੱਚ ਖ਼ੂਨੀ ਬਾਜ਼ਾਂ ਦੇ
ਲਹੂ ਭਿੱਜੇ ਖੰਭ ਇਤਿਹਾਸ ਦੀਆਂ
ਟੁੱਟੀਆਂ ਹੋਈਆਂ ਕਲਮਾਂ ਬਣਕੇ
ਬਿਖ਼ਰ ਜਾਂਦੇ ਹਨ

ਜੰਗ ਦੇ ਮੈਦਾਨ ਵਿੱਚ ਮੁਹੱਬਤ ਦੇ ਅਰਥ
ਸਿਰਫ਼ ਮੌਤ ਹੁੰਦੇ ਹਨ

ਜੰਗ ਦੇ ਮੈਦਾਨ ਵਿੱਚ ਅਥਾਹ ਕਬਰਾਂ
ਹੁੰਦੀਆਂ ਹਨ
ਜਿਹੜੀਆਂ ਜਾਂ ਤਾਂ ਸ਼ਿਲਾਲੇਖ
ਬਣ ਜਾਂਦੀਆਂ ਹਨ
ਜਾਂ ਫਿਰ ਵਕਤ ਦੀ ਧੂੜ ਹੇਠ ਦੱਬਕੇ
ਰਹਿ ਜਾਂਦੀਆਂ ਹਨ

ਜੰਗ ਦੇ ਮੈਦਾਨ ਵਿੱਚ ਹਰ ਵੇਲੇ ਇੱਕ
ਸੁਲਗਦੀ ਖਾਮੋਸ਼ੀ ਵਿਛੀ ਰਹਿੰਦੀ ਹੈ

ਇਸ ਲਈ ਜੰਗ ਦਾ ਮੈਦਾਨ ਕਦੇ ਵੀ
ਸੱਖਣਾ ਨਹੀਂ ਹੁੰਦਾ।

✵✵

# ਹਨੇਰਾ

ਰੋਸ਼ਨੀ ਦੇ ਇਸ ਯੁੱਗ ਵਿੱਚ ਵੀ
ਸਿਰ ਚੜ੍ਹਕੇ
ਬੋਲ ਰਿਹਾ ਹੈ ਹਨੇਰਾ

ਹਨੇਰੇ ਨੇ ਬਦਲ ਲਿਆ ਹੈ
ਆਪਣਾ ਪੂਰੇ ਦਾ ਪੂਰਾ ਕੈਨਵਸ

ਹਨੇਰਾ ਹੁਣ ਰੰਗਾਂ 'ਚੋਂ ਬੋਲਦਾ ਹੈ
ਹਨੇਰਾ ਹੁਣ ਰੋਸ਼ਨੀ 'ਚੋਂ ਬੋਲਦਾ ਹੈ
ਹਨੇਰਾ ਹਰ ਗੀਤ 'ਚੋਂ ਬੋਲਦਾ ਹੈ
ਹਨੇਰਾ ਹਰ ਸੰਗੀਤ 'ਚੋਂ ਬੋਲਦਾ ਹੈ

ਹਰ ਇੱਕ ਸ਼ਖ਼ਸ ਦੇ ਲਹੂ 'ਚ
ਘਰ ਕਰ ਰਿਹਾ ਹੈ ਹਨੇਰਾ
ਤੁਸੀਂ ਹਨੇਰੇ ਨੂੰ ਕਿਵੇਂ
ਫੜੋਗੇ?
ਇਸ ਤੇ ਕਿਵੇਂ ਵਾਰ ਕਰੋਗੇ?

ਤੁਹਾਡੀ ਹਰ ਚਾਲ ਸਮਝ ਜਾਏਗਾ ਹਨੇਰਾ

ਤੁਹਾਡੀ ਆਹਟ ਸੁਣ ਮਖ਼ਮਲੀ ਬਸਤਰਾਂ ਦੀਆਂ
ਤੈਹਿਆਂ 'ਚ ਲੁਕ ਜਾਏਗਾ
ਤੁਹਾਡੇ ਮੱਥੇ ਪਿੱਛੇ ਲੁਕ ਜਾਏਗਾ
ਜਾਂ ਫਿਰ ਸਭ ਤੋਂ ਵੱਡੇ ਤਖ਼ਤ ਦੇ ਪਿੱਛੇ
ਛੁੱਪ ਜਾਏਗਾ

ਪਰਤ ਦਰ ਪਰਤ
ਆਪਣੇ ਭੇਦ ਖੋਲ੍ਹ ਰਿਹਾ ਹੈ ਹਨੇਰਾ
ਰੋਸ਼ਨੀ ਦੇ ਇਸ ਯੁੱਗ ਵਿੱਚ ਵੀ
ਸਿਰ ਚੜਕੇ ਬੋਲ ਰਿਹਾ ਹੈ ਹਨੇਰਾ।

**

# ਡਾਟਾਂ ਵਾਲੇ ਬੂਹੇ ਦਾ ਸੱਚ

ਇਨ੍ਹਾਂ ਸਿਆਹ ਸਮਿਆਂ ਵਿੱਚ ਵੀ
ਡਾਟਾਂ ਵਾਲੇ ਬੂਹੇ ਦਾ ਸੱਚ
ਮੇਰੇ ਨਾਲ ਨਾਲ ਚਲਦਾ ਹੈ

ਯੁੱਧ ਦੇ ਮੈਦਾਨ ਤੋਂ ਲੈ ਕੇ ਫਾਂਸੀ ਦੇ
ਤਖ਼ਤੇ ਤੱਕ
ਲਹੂ ਦੀ ਇੱਕ ਜੋਤ ਮੇਰੇ ਨਾਲ ਨਾਲ
ਚਲਦੀ ਹੈ
ਇਹ ਜੋਤ ਮੇਰੇ ਲਈ ਕਦੇ ਦੀਵਾ
ਬਣ ਜਾਂਦੀ ਹੈ
ਤੇ ਕਦੇ ਸੂਰਜ ਬਣਦੀ ਹੈ

ਮੇਰੇ ਲਹੂ ’ਚੋਂ ਮੇਰੇ ਪੁਰਖ਼ੇ
ਇੱਕਸੁਰ ਹੋ ਕੇ ਬੋਲਦੇ
ਮੇਰੀ ਰੱਤ ਨੂੰ ਵੰਗਾਰਦੇ
ਤੇ ਫਿਰ ਉਹੀ ਬਾਰ ਦੇ ਜੰਗਲਾਂ ਵਾਲਾ
ਕਤਲਗਾਹ ਦਾ ਗੀਤ
ਗਾਉਣ ਲੱਗਦੇ

ਤੇ ਫਿਰ ਪੁਰਾਣੇ ਕਿਲੇ ਦੀਆਂ ਨਾਨਕਸ਼ਾਹੀ
ਇੱਟਾਂ ਵਿੱਚੋਂ
ਮੇਰਾ ਲਹੂ ਸਿੰਮਦਾ ਵੇਖਕੇ
ਰਹੱਸਮਈ ਭਾਸ਼ਾ ਵਿੱਚ ਆਪਣਾ ਵਿਰਾਸਤੀ
ਬਿਆਨ ਪੜ੍ਹਦੇ ਪੜ੍ਹਦੇ
ਪਿੰਡੋਂ ਬਾਹਰਲੇ ਪੁਰਾਣੇ ਬੋਹੜ ਦੀਆਂ
ਜੜ੍ਹਾਂ ’ਚ ਜਾ ਬਹਿੰਦੇ
ਮੈਂ ਪੁਰਖ਼ਿਆਂ ਦੇ ਬਿਆਨ ਦੇ ਕੁਝ ਕੁਝ ਬੋਲ
ਚੇਤੇ ਕਰਦਾ ਹਾਂ

ਆਪਣੇ ਜੋਗਾ ਕੁਝ ਕੁਝ ਨਿਖਾਰਦਾ ਹਾਂ
ਪੰਜ ਪੰਚਾਂ ਦੀ ਹਾਜ਼ਰੀ ’ਚ ਖਾਧੀ ਹੋਈ
ਪੁਰਖ਼ਿਆਂ ਦੀ ਸਹੁੰ ਚੇਤੇ ਕਰਦਾ ਹਾਂ

ਪਿੰਡ ਦੀ ਮਿੱਟੀ
ਜਿਸ ਵਿੱਚ ਮੇਰੇ ਬਜ਼ੁਰਗਾਂ ਦਾ ਲਹੂ
ਘੁਲਿਆ ਹੋਇਆ ਹੈ
ਨੂੰ ਮੱਥੇ ਨਾਲ ਲਾਉਂਦਾ ਹਾਂ

ਇਸੇ ਦੌਰਾਨ ਮਨ ਦੇ ਸੰਘਣੇ ਹਨੇਰੇ ਨੂੰ ਚੀਰਦਿਆਂ
ਪਿੰਡ ਦੀ ਉਦਾਸ ਫ਼ਿਰਨੀ ਤੇ
ਜੇ ਕੋਈ ਹੱਸਦਾ ਹੈ
ਤਾਂ ਮੇਰਾ ਲਹੂ ਡੁੱਲ੍ਹਦਾ ਹੈ
ਜੇ ਕੋਈ ਰੋਂਦਾ ਹੈ
ਤਾਂ ਮੇਰਾ ਲਹੂ ਡੁਲ੍ਹਦਾ ਹੈ

ਇਨ੍ਹਾਂ ਸਿਆਹ ਸਮਿਆਂ ਵਿੱਚ ਵੀ
ਡਾਟਾਂ ਵਾਲੇ ਬੂਹੇ ਦਾ ਸੱਚ
ਮੇਰੇ ਨਾਲ ਨਾਲ ਚਲਦਾ ਹੈ।

**

## ਮੇਰੇ ਪੁਰਖ਼ੇ

ਮੇਰੇ ਪੁਰਖ਼ਿਆਂ ਨੂੰ ਆਪਣੀ ਹੋਂਦ ਲਈ ਅਨੇਕਾਂ
ਯੁੱਧ ਲੜਨੇ ਪਏ

ਉਨ੍ਹਾਂ ਨੂੰ ਵਿਰਾਸਤ ਵਿੱਚ ਕੇਵਲ
ਯੁੱਧ
ਝੱਖੜ
ਮੌਤ
ਅਤੇ ਲਹੂ
ਬਸ ਕੁਝ ਇਹੋ ਸ਼ਬਦ ਮਿਲੇ

ਉਹ ਕਿੱਧਰੋਂ ਆਏ ਅਤੇ ਕੌਣ ਸਨ?
ਇਸ ਬਾਰੇ ਉਹ ਨਿਹੱਥੇ
ਅਤੇ ਖਾਮੋਸ਼ ਸਨ

ਉਨ੍ਹਾਂ ਦਾ ਕੋਈ ਖ਼ੁਦਾ ਨਹੀਂ ਸੀ
ਤੇ ਉਹ ਇੱਕ ਬੁਤਪ੍ਰਸਤ ਖ਼ੁਦਾ ਲਈ ਲੜੇ
ਉਨ੍ਹਾਂ ਕੋਲ ਗੁਣਗੁਣਾਉਣ ਲਈ ਕੋਈ ਗੀਤ ਨਹੀਂ ਸੀ
ਤੇ ਉਹ ਇੱਕ ਲੋਕ ਗੀਤ ਲਈ ਲੜੇ

ਇਸ ਲਈ ਉਨ੍ਹਾਂ ਲੱਖਾਂ ਹੀ ਸਿਰ ਦਿੱਤੇ
ਉਹ ਜ਼ਖ਼ਮੀ ਅਤੇ ਲਹੂ ਲੁਹਾਨ ਵੀ ਹੋਏ
ਪਰ ਹੁਣ ਉਹ ਖੁਸ਼ ਸਨ
ਕਿ ਉਨ੍ਹਾਂ ਦੇ ਲਹੂ 'ਚ ਵੀ ਸੰਗੀਤ
ਉੱਗ ਆਇਆ ਸੀ

ਹੁਣ ਉਹ ਗੀਤਾਂ ਦੇ ਨਕਸ਼ ਵੇਖ ਸਕਦੇ ਸਨ
ਆਪਣੇ ਬੋਲਾਂ ਨੂੰ ਸੁਣ ਸਕਦੇ ਸਨ
ਤੇ ਮੌਤ ਨਾਲ ਬੇਖ਼ੌਫ ਲੜ ਸਕਦੇ ਸਨ।

### II

ਉਨ੍ਹਾਂ ਕੋਲ ਹਥਿਆਰ ਨਹੀਂ ਸਨ
ਤੇ ਉਹ ਹਥਿਆਰਾਂ ਲਈ ਲੜੇ
ਜਦੋਂ ਤੱਕ ਕਿ ਉਨ੍ਹਾਂ ਦੇ ਲਹੂ 'ਚ
ਹਥਿਆਰ ਨਾ ਉੱਗ ਆਏ

ਉਹ ਗੁਲਾਮ ਸਨ
ਤੇ ਉਹ ਹੱਕਾਂ ਲਈ ਲੜਦੇ ਰਹੇ ਜਦ ਤੱਕ ਕਿ
ਉਹ ਆਜ਼ਾਦ ਨਾ ਹੋ ਗਏ

ਉਹ ਲੜਦੇ ਰਹੇ ਲੜਦੇ ਰਹੇ
ਕਦੇ ਸਵੈ ਸੁਰੱਖਿਆ ਲਈ
ਤੇ ਕਦੇ ਆਪਣੀ ਪਛਾਣ ਲਈ

ਉਨ੍ਹਾਂ ਨੇ ਅਨੰਤ ਯੁੱਧ ਲੜੇ
ਜਦ ਤੱਕ ਕਿ ਉਹ
ਸੂਰਵੀਰ ਨਾ ਕਹਾਏ।

## III

ਹੁਣ ਵੀ ਚੰਗਾ ਲੱਗਦਾ ਹੈ
ਆਪਣੇ ਪੁਰਖ਼ਿਆਂ ਦਾ
ਗੀਤ ਗਾਉਣਾ

ਹੁਣ ਵੀ ਚੰਗਾ ਲੱਗਦਾ ਹੈ
ਆਪਣੇ ਪੁਰਖ਼ਿਆਂ ਨਾਲ ਗੱਲਬਾਤ ਕਰਨਾ
ਹੁਣ ਵੀ ਚੰਗਾ ਲੱਗਦਾ ਹੈ
ਆਪਣੇ ਲਹੂ ਦੀ ਤਪਸ਼ ਪਰਖ਼ਣਾ

ਹੁਣ ਵੀ ਚੰਗਾ ਲੱਗਦਾ ਹੈ
ਆਪਣੇ ਲਹੂ ਵਿੱਚਲਾ
ਸੰਗੀਤ ਸੁਣਨਾ

ਮੇਰੇ ਪੁਰਖ਼ਿਆਂ ਨੂੰ ਆਪਣੀ ਹੋਂਦ ਲਈ ਅਨੇਕਾਂ
ਯੁੱਧ ਲੜਨੇ ਪਏ।

✵✵

## ਮੁਹੱਬਤ

ਤੇਰਾ ਨਸ਼ਾ
ਤੇਰਾ ਜਨੂੰਨ
ਇੱਕ ਕਬਾਇਲੀ
ਸ਼ਾਹ ਕਾਲੀ ਰਾਤ ਹੈ

ਜੋ ਮੈਨੂੰ ਇਸ ਘਣੇ ਜੰਗਲ ਵਿੱਚ
ਦੀਵਾ ਜਗਾਉਣ ਤੋਂ
ਵਰਜਦੀ ਹੈ

ਮੈਂ ਸਦੀਆਂ ਤੋਂ ਭਟਕ ਰਿਹਾ ਗੁਰੀਲਾ
ਤੇਰਾ ਮੱਥਾ ਸਜਾਉਣ ਲਈ
ਅਜੇ ਅਸਮਾਨ ਨੂੰ ਛੋਹਣ ਹੀ ਲੱਗਦਾ ਹਾਂ ਕਿ
ਮੇਰਾ ਅੰਬਰ ਮੇਰੇ ਪੈਰਾਂ ਵਿੱਚ ਡਿੱਗ ਕੇ
ਚਕਨਾਚੂਰ ਹੋ ਜਾਂਦਾ ਹੈ।

✵✵

## ਅੰਨ੍ਹੇ ਰਾਹ

ਪੁਰਖ਼ਿਆਂ ਦੀ ਦਰਗਾਹ ਤੋਂ ਬਹੁਤ ਦੂਰ
ਆਪਣੇ ਹੀ ਸੂਰਜ ਤੋਂ ਚੋਰੀ ਚੋਰੀ
ਹਨੇਰੇ ਦੀ ਪੈੜ ਨੱਪਦਾ
ਤੇਰੇ ਜਿਸਮ 'ਚ ਹੋ ਕੇ ਸਵਾਰ
ਇਹ ਕਿੱਧਰ ਜਾ ਰਿਹਾ ਹਾਂ ਮੈਂ ?

ਇਸ ਤੋਂ ਅੱਗੇ ਤਾਂ ਫ਼ੱਫ਼ੇਕੁੱਟਣੀਆਂ ਦਾ
ਹਾਸਾ ਹੈ
ਇਸ ਤੋਂ ਅੱਗੇ ਤਾਂ ਇਤਿਹਾਸਕ
ਕੰਧ ਦਾ ਪੂਰੇ ਦਾ ਪੂਰਾ ਸਫ਼ਰ ਹੈ
ਇਸ ਤੋਂ ਅੱਗੇ ਤਾਂ ਹਰ ਪੈੜ
ਕਤਲਗਾਹ ਵੱਲ ਜਾਂਦੀ ਹੈ

ਇਸ ਤੋਂ ਅਗਲੇ ਚੌਕ 'ਚ ਤਾਂ
ਮੇਰੇ ਭਰਾਵਾਂ ਦਾ ਲਹੂ ਡੁੱਲ੍ਹਿਆ
ਹੋਇਆ ਹੈ
ਇਸ ਤੋਂ ਅੱਗੇ ਤਾਂ ਹਰ ਮੀਲ ਪੱਥਰ
ਆਪਣੇ ਹੀ ਲਹੂ 'ਚੋਂ ਘੜਨਾ
ਪੈਂਦਾ ਹੈ

ਇਸ ਤੋਂ ਅੱਗੇ ਤਾਂ ਸ਼ਹੀਦਾਂ ਦੀ
ਲਾਟ ਦਾ ਪਹਿਰਾ ਹੈ

ਜਿਥੇ ਕਾਲੀ ਰਾਤ ਰੂਹਾਂ ਦੇ
ਬਿਆਨ ਲਿਖਦੀ ਹੈ
ਜਿੱਥੇ ਜ਼ਿੰਦਗੀ ਦਾ ਅਰਥ
ਕੇਵਲ ਮੌਤ ਹੈ

ਹਨੇਰੇ ਦੀ ਪੈੜ ਨੱਪਦਾ
ਤੇਰੇ ਜਿਸਮ 'ਚ ਹੋ ਕੇ ਸਵਾਰ
ਇਹ ਕਿੱਧਰ ਜਾ ਰਿਹਾ ਹਾਂ ਮੈਂ?

# ਦਿਨ

ਸਾਰੇ ਦਿਨ ਇੱਕੋ ਜਿਹੇ ਨਹੀਂ ਹੁੰਦੇ
ਹਰ ਦਿਨ ਦਾ ਆਪਣਾ ਇੱਕ
ਇਤਿਹਾਸ ਹੁੰਦਾ ਹੈ

ਕੁਝ ਦਿਨ ਸੁਭਾਅ ਦੇ ਦਰਵੇਸ਼ ਹੁੰਦੇ
ਜਿਹੜੇ ਕਿਸੇ ਦਰਗਾਹ 'ਚ
ਉਸਦੀ ਰਜ਼ਾ
ਉਸਦੇ ਰੰਗ 'ਚ ਹੀ ਬੀਤ ਜਾਂਦੇ ਹਨ

ਕੁਝ ਦਿਨ ਸੁਭਾਅ ਦੇ ਗਰਮ ਹੁੰਦੇ
ਜੋ ਹੱਕ ਸੱਚ ਲਈ ਅੜ ਜਾਂਦੇ
ਰੱਬ ਨਾਲ ਵੀ ਮੱਥਾ ਲਾ ਲੈਂਦੇ
ਤੇ ਸੂਲ਼ੀ ਸਾਹਮਣੇ ਚਟਾਨ ਬਣ ਖਲੋ ਜਾਂਦੇ ਹਨ

ਅਜਿਹੇ ਦਿਨ ਹਾਕਮਾਂ ਲਈ ਨਾ-ਗਵਾਰ ਹੁੰਦੇ
ਅਜਿਹੇ ਦਿਨ ਫਿਰ ਨੀਹਾਂ 'ਚ ਚਿਣਾਏ ਜਾਂਦੇ
ਜਾਂ ਫਿਰ ਤਪਦੀ ਲੋਹ ਤੇ ਬਿਠਾਏ ਜਾਂਦੇ ਹਨ

ਕੁਝ ਦਿਨ ਸੁੱਚਾ ਨੰਦ ਜਿਹੇ ਸੂਤਰਧਾਰ
ਬਣਕੇ ਆਉਂਦੇ
ਜਿਨ੍ਹਾਂ ਦੇ ਕਪਟੀ ਮਨਾਂ ਅੰਦਰ ਇਤਿਹਾਸ ਦੀ
ਬਰਬਾਦੀ ਦਾ ਅਹਿਦ ਪਨਪ ਰਿਹਾ ਹੁੰਦੈ

ਪਰ ਇਤਿਹਾਸ ਕਿਸੇ ਨੂੰ ਮੁਆਫ਼
ਨਹੀਂ ਕਰਦਾ
ਇਤਿਹਾਸ ਅਜਿਹੇ ਦਿਨਾਂ ਨੂੰ ਫਿਰ ਤੋਂ
ਕਟਹਿਰੇ ਵਿੱਚ ਬੁਲਾਉਂਦਾ ਹੈ

ਤੱਤੀਆਂ ਤਵੀਆਂ ਤੇ ਕੰਧਾਂ ਖ਼ੁਦ
ਬਿਆਨ ਕਲਮਬੱਧ
ਕਰਦੀਆਂ ਹਨ
ਫਿਰ ਤੋਂ ਸਜ਼ਾਵਾਂ ਹੁੰਦੀਆਂ ਹਨ

ਤੇ ਵਕਤ ਦਾ ਤੀਜਾ ਪਹਿਰ
ਅਜਿਹੇ ਦਿਨਾਂ ਦੀ ਨੱਕ ਵਿੱਚ
ਨਕੇਲ ਪਾਕੇ
ਸੁੱਚਾ ਨੰਦ ਵਾਂਗ ਉਨ੍ਹਾਂ ਸੜਕਾਂ ਤੇ ਚੌਰਾਹਿਆਂ
'ਚ ਨਚਾਉਂਦਾ ਹੈ
ਜਿੱਥੇ ਜਿੱਥੇ ਸ਼ਹੀਦਾਂ ਦੇ
ਸਿਰ ਕਲਮ ਕੀਤੇ ਗਏ।

**

## ਜੰਗਲ

ਮੈਂ ਇੱਕ ਜੰਗਲ ਵਿੱਚ ਰਹਿੰਦਾ ਹਾਂ
ਇਸ ਜੰਗਲ ਦੀਆਂ
ਬਹੁਤ ਗਹਿਰੀਆਂ ਪਰਤਾਂ ਹਨ
ਇਸਦੇ ਹਰ ਇੱਕ ਪੱਤੇ ਤੇ
ਮੇਰੇ ਪੁਰਖ਼ਿਆਂ ਵਾਂਗ
ਮੇਰਾ ਲਹੂ ਡੁੱਲ੍ਹਿਆ ਹੋਇਆ ਹੈ

ਇਹ ਜੰਗਲ ਹਰ ਵੇਲੇ ਮੌਤ ਮੌਤ
ਕੂਕਦਾ ਰਹਿੰਦਾ ਹੈ
ਜਾਂ ਫਿਰ ਰਾਹਗੀਰਾਂ ਦੇ
ਜ਼ਖ਼ਮ ਚੱਟਦਾ ਹੈ

ਇਸ ਜੰਗਲ ਵਿੱਚ ਮੇਰੇ ਲਹੂ ਦੀਆਂ ਅਥਾਹ
ਪਗਡੰਡੀਆਂ ਹਨ
ਤੇ ਮੈਂ ਇਸ ਜੰਗਲ ਵਿੱਚ ਬਚਪਨ ਤੋਂ ਹੀ
ਇੱਕ ਅਨੰਤ ਯੁੱਧ ਲੜ ਰਿਹਾ ਹਾਂ

ਆਪਣੇ ਪਿਆਰਿਆਂ ਦੀਆਂ ਲਾਸ਼ਾਂ
ਢੋ ਰਿਹਾ ਹਾਂ
ਜਿਊਣਾ ਝੂਠ ਅਤੇ ਮਰਨਾ ਸੱਚ ਜਿਹੇ
ਮਹਾਂਵਾਕ ਦਾ ਰਟਨ ਕਰ ਰਿਹਾ ਹਾਂ

ਇਸ ਜੰਗਲ ਵਿੱਚ ਹਨੇਰੇ ਦਾ ਬਹੁਤ ਵੱਡਾ
ਤੇਂਦੂਆ ਜਾਲ ਹੈ
ਇਹ ਜੰਗਲ ਹੁਣ ਮੇਰੇ ਲਹੂ 'ਚੋਂ ਬੋਲਦਾ ਹੈ

ਜਿਵੇਂ ਕਿਸੇ ਸ਼ੈਕਸਪੀਅਰਨ ਨਾਟਕ 'ਚੋਂ
ਇਆਗੋ ਖਲਨਾਇਕੀ ਹਾਸਾ
ਹੱਸਦਾ ਹੈ
ਜਿਵੇਂ ਕੋਈ ਪਾਤਰ ਸਟੇਜ ਤੇ ਨਹੀਂ
ਸਗੋਂ ਆਪਣੀ ਹੀ ਲਾਸ਼ ਤੇ ਮੌਤ ਦਾ ਨਾਟਕ
ਖੇਡਦਾ ਹੈ

ਮੈਂ ਜਦ ਕਦੇ ਵੀ ਭਾਵੁਕ ਹੋ ਕੇ ਇਸ
ਜੰਗਲ ਦਾ ਗੀਤ ਗਾਇਆ ਹੈ
ਤਾਂ ਮੈਂ ਆਪਣੇ ਆਪ ਨੂੰ
ਲਹੂ ਨਾਲ ਲੱਥਪੱਥ
ਸੁੰਨੇ ਰਾਹਾਂ 'ਚ ਪਾਇਆ ਹੈ।

# ਮੇਰੇ ਪਾਣੀ

ਤੁਸੀਂ ਮੇਰੇ ਪਾਣੀਆਂ 'ਚ ਜ਼ਹਿਰ
ਘੋਲਦੇ ਘੋਲਦੇ ਹੰਭ ਜਾਓਗੇ

ਤੁਸੀਂ ਮੇਰੇ ਲਹੂ ਵਿੱਚ ਉੱਗਿਆ
ਬੋਹੜ
ਵੱਢਦੇ ਵੱਢਦੇ ਟੁੱਟ ਜਾਓਗੇ

ਤੁਸੀਂ ਮੇਰੇ ਲਹੂ 'ਚ ਉਡਦੇ ਪਰਿੰਦਿਆਂ ਨੂੰ
ਕਿੰਞ ਕਰੋਗੇ ਜਲਾਵਤਨ?
ਤੁਸੀਂ ਮੇਰੇ ਹਮਸਾਇਆਂ ਨੂੰ ਕਦ ਤੱਕ
ਮੌਤ ਵੰਡੋਗੇ?

ਮੈਂ ਆਪਣੇ ਖੇਤਾਂ ਦੀ ਉਪਜਾਊ
ਮਿੱਟੀ ਵਿੱਚ ਫਿਰ ਤੋਂ
ਉੱਗ ਆਵਾਂਗਾ।

✵✵

## ਜਸ਼ਨ ਦੀ ਰਾਤ

ਮੈਂ ਇਨ੍ਹਾਂ ਜਸ਼ਨਾਂ ਦੇ ਅੰਦਰ ਵੀ ਹਾਂ ਤੇ
ਬਾਹਰ ਵੀ
ਮੇਰੀ ਇੱਕ ਅੱਖ ਵਿੱਚ ਬਹਾਰ ਹੈ
ਤੇ ਦੂਜੀ ਅੱਖ ਵਿੱਚ
ਪਤਝੜ ਦਾ ਡੇਰਾ ਹੈ

ਇਨ੍ਹਾਂ ਪੱਤਝੜ ਦੇ ਪੀਲ਼ੇ ਪੱਤਿਆਂ ਤੇ
ਕਿਸੇ ਬੇਦੋਸ਼ੇ ਦਾ ਲਹੂ
ਡੁੱਲ੍ਹਦਾ ਹੈ

ਮੈਂ ਦਰਦਮੰਦ
ਦਰਦ ਨਾਲ ਕਰ੍ਹਾਉਂਦਾ ਹਾਂ
ਪਿੰਡ ਦੇ ਇੱਕੋ ਇੱਕ ਵਾਰਸ
ਬੁੱਢੇ ਬੋਹੜ ਨੂੰ ਬੁਲਾਉਂਦਾ ਹਾਂ

ਪਰ ਮੇਰੀ ਆਵਾਜ਼
ਉਸਦੀਆਂ ਜੜ੍ਹਾਂ ਤੱਕ ਪਹੁੰਚਣ ਤੋਂ
ਪਹਿਲਾਂ ਹੀ ਖਿੰਡ ਜਾਂਦੀ ਹੈ

ਇੱਕ ਪਾਸੇ ਪਿੰਡ ਦੇ ਪਤਵੰਤਿਆਂ ਦਾ
ਜਸ਼ਨ ਹੈ
ਦੂਜੇ ਪਾਸੇ ਮਿੱਟੀ ਦਾ ਵਿਰਲਾਪ ਹੈ

ਤੇ ਇਸ ਸਭ ਦੇ ਵਿੱਚਾਲੇ
ਜ਼ਖ਼ਮੀ ਤੇ ਉਦਾਸ ਰਾਤ ਸਹਿਕ
ਰਹੀ ਹੈ

ਫਿਰ ਮੈਂ ਆਪਣੇ ਅੰਦਰਲੇ ਹਨੇਰੇ ਵਿੱਚ
ਡੁੱਬਣ ਤੋਂ ਪਹਿਲਾਂ
ਆਪਣੇ ਹੀ ਲਹੂ 'ਚ ਉਂਗਲੀ
ਡਬੋ ਕੇ ਕਿਸੇ ਦਾ ਨਾਮ
ਲਿਖਦਾ ਹਾਂ

ਉਂਝ ਮੈਂ ਹੋਰ ਬੜਾ ਕੁਝ ਲਿਖਣਾ
ਚਾਹੁੰਦਾ ਹਾਂ
ਪਰ ਮਨ ਦੀ ਭਾਸ਼ਾ ਸਭ ਤੋਂ ਕਠਿਨ
ਭਾਸ਼ਾ ਹੈ

ਤੇ ਸਭ ਤੋਂ ਕਠਿਨ ਨੇ
ਇਸ ਦੇ ਫ਼ਰਮਾਨ
ਤੇ ਜੇ ਮੈਂ ਅੱਜ ਇਨ੍ਹਾਂ ਫ਼ਰਮਾਨਾਂ
ਇਨ੍ਹਾਂ ਉਪਦੇਸ਼ਾਂ ਲਈ
ਠਾਹਰ ਨਾ ਲੱਭੀ ਤਾਂ

ਪੁਰਖ਼ਿਆਂ ਦੀ ਕਚਹਿਰੀ ਵਿੱਚ
ਨਮੋਸ਼ ਹੋਣਾ ਪਵੇਗਾ
ਮਨ ਦੇ ਮਘਦੇ ਸੂਰਜ ਨੂੰ ਹਨੇਰੇ
ਕੋਨੇ 'ਚ ਰੱਖਣਾ ਪਏਗਾ
ਤੇ ਲਹੂ ਭਿੱਜੇ ਸੱਚ ਨੂੰ ਪੁਰਖ਼ਿਆਂ ਦੇ
ਸਨਮੁੱਖ ਕਰਨਾ ਪਏਗਾ

ਮੈਂ ਇਨ੍ਹਾਂ ਜਸ਼ਨਾਂ ਦੇ ਅੰਦਰ ਵੀ ਹਾਂ
ਤੇ ਬਾਹਰ ਵੀ।

**

## ਇੱਕ ਰੁੱਖ

ਇੱਕ ਰੁੱਖ ਨਸਲਕੁਸ਼ੀ ਤੋਂ ਡਰਦਾ
ਭੈ-ਭੀਤ ਹੋਇਆ
ਮੇਰੇ ਕੋਲ ਆਇਆ
ਤੇ ਆਖਣ ਲੱਗਾ:

ਤੂੰ ਸਾਂਭ ਲੈ ਮੇਰੀ ਛਾਂ
ਆਪਣੀਆਂ ਕਵਿਤਾਵਾਂ 'ਚ
ਮਹਿਫੂਜ਼ ਰੱਖ ਲੈ ਸਦਾ ਲਈ
ਮੇਰਾ ਸਿਰਨਾਵਾਂ

ਤੂੰ ਆਪਣੀਆਂ ਕਵਿਤਾਵਾਂ 'ਚ ਸਾਂਭ ਲੈ
ਮੇਰੀ ਉਦਾਸੀ
ਮੇਰੇ .ਗਮ

ਕਿਉਂ ਜੋ ਆਪਾਂ ਦੋਵੇਂ ਇੱਕੋ
ਮਿੱਟੀ ਦੇ ਜਾਏ
ਇੱਕੋ ਹੈ ਆਪਣੀ ਉਦਾਸੀ
ਇੱਕੋ ਹੈ ਆਪਣਾ ਦਰਦ
ਇੱਕੋ ਹੈ ਆਪਣਾ ਗਰਾਂ

ਇੱਕ ਰੁੱਖ ਨਸਲਕੁਸ਼ੀ ਤੋਂ ਡਰਦਾ
ਭੈ-ਭੀਤ ਹੋਇਆ
ਮੇਰੇ ਕੋਲ ਆਇਆ।

✷✷

## ਜਲਾਵਤਨੀ

ਬਜ਼ਾਰ ਆਪਣੇ ਲਾਮ ਲਸ਼ਕਰ
ਸੰਗ
ਮੇਰੀਆਂ ਜੜ੍ਹਾਂ ਤੀਕ
ਪਹੁੰਚ ਆਇਆ ਹੈ

ਮੰਡੀ ਦਾ ਸ਼ੋਰ
ਨਿੱਤ ਮੇਰੀ ਰੂਹ 'ਚ
ਪਾਉਂਦਾ ਹੈ ਖ਼ਰੂਦ

ਇਕ ***ਕੈਨੀਬਲ**** ਰੋਜ਼ ਪੀਂਦਾ ਹੈ
ਮੇਰਾ ਲਹੂ

ਮੈਨੂੰ ਡਰ ਹੈ ਮੇਰੇ ਅੰਦਰੋਂ
ਕੋਈ ਹਿਜ਼ਰਤ
ਕਰ ਰਿਹਾ ਹੈ।

✵✵

---

*** ਕੈਨੀਬਲ** :- ਮਨੁੱਖੀ ਮਾਸ ਖਾਣ ਵਾਲਾ ਕੋਈ ਵਹਿਸ਼ੀ।

## ਇਹ ਸਦੀ

ਇਹ ਸਦੀ ਵੀ ਹਨੇਰੇ ਤੇ
ਕਤਲੋਗਾਰਤ ਦੀ ਸਦੀ ਹੈ
ਇਸ ਸਦੀ ਵਿੱਚ ਵੀ ਬੰਦੇ ਅੰਦਰਲਾ
ਖ਼ੂੰਖਾਰ ਜੰਗਲ ਉਸੇ ਤਰ੍ਹਾਂ ਚੀਖ਼ਦਾ ਰਿਹਾ
ਤੇ ਮਨੁੱਖੀ ਮਾਸ ਦੀਆਂ ਲਹੂ ਭਿੱਜੀਆਂ
ਬੋਟੀਆਂ ਨਾਲ
ਆਪਣੇ ਹਲਕ ਨੂੰ ਤਰ ਕਰਦਾ ਰਿਹਾ

ਇਸ ਸਦੀ ਵਿੱਚ ਵੀ ਵਿਸ਼ਵੀ ਤਾਕਤਾਂ ਦੇ
ਸਾਨ੍ਹ ਖੁੱਲ੍ਹੇ ਫਿਰਦੇ ਰਹੇ
ਤੇ ਰਾਹ ਵਿੱਚ ਆਉਣ ਵਾਲੀ ਹਰ ਸ਼ੈਅ ਨੂੰ
ਨੇਸਤੋ-ਨਾਬੂਦ ਕਰਦੇ ਰਹੇ

ਇਸ ਸਦੀ ਵਿੱਚ ਵੀ ਯੋਧੇ ਉਸੇ ਤਰ੍ਹਾਂ ਫਾਂਸੀ
ਤੇ ਲਟਕਾਏ ਗਏ
ਤੇ ਧਾੜਵੀਆਂ ਵੱਲੋਂ ਨਿੱਕੇ ਨਿੱਕੇ ਬੱਚਿਆਂ
ਤੇ ਬੰਬ ਵਰ੍ਹਾਏ ਗਏ

ਇਸ ਸਦੀ ਵਿੱਚ ਵੀ ਅਮਰੀਕਾ ਉਸੇ ਤਰ੍ਹਾਂ
ਲਹੂ ਅਤੇ ਤੇਲ ਪੀਂਦਾ ਰਿਹਾ ਤੇ
ਹਾਕਮ ਉਸੇ ਤਰ੍ਹਾਂ
ਡਾਲਰ ਅੱਗੇ ਹਾੜ੍ਹੇ ਕੱਢਦੇ ਰਹੇ

ਇਸ ਸਦੀ ਵਿੱਚ ਵੀ ਕਾਜ਼ੀ ਉਸੇ ਤਰ੍ਹਾਂ
ਮੁਹੱਬਤ ਦੇ ਖਿਲਾਫ਼ ਫ਼ਤਵੇ ਦਿੰਦੇ ਰਹੇ ਤੇ
ਮੁਹੱਬਤ ਕੈਦੋਆਂ ਤੇ ਸੈਦਿਆਂ ਹੱਥੋਂ
ਖ਼ੁਆਰ ਹੁੰਦੀ ਰਹੀ

ਇਸ ਸਦੀ ਵਿੱਚ ਵੀ ਉਸੇ ਤਰ੍ਹਾਂ ਸਰਹੱਦਾਂ ਤੇ
ਗੋਲੀਬਾਰੀ ਹੁੰਦੀ ਰਹੀ
ਤੇ ਤਾਬੂਤਾਂ 'ਚ ਬੰਦ
ਕੌਮੀ ਝੰਡਿਆਂ 'ਚ ਲਿਪਟੀਆਂ ਹੋਈਆਂ
ਨੌਜਵਾਨਾਂ ਦੀਆਂ ਲਾਸ਼ਾਂ ਘਰ ਆਉਂਦੀਆਂ ਰਹੀਆਂ

ਇਸ ਸਦੀ ਵਿੱਚ ਵੀ ਮਹਿੰਗਾਈ ਉਸੇ ਤਰ੍ਹਾਂ
ਤਾਂਡਵ ਕਰਦੀ ਰਹੀ
ਤੇ ਕਿਰਤੀ ਮਜ਼ਦੂਰ ਭੁੱਖੇ ਸੌਂਦੇ ਰਹੇ

ਇਸ ਸਦੀ ਵਿੱਚ ਵੀ ਗਲੋਬਲ ਪਿੰਡ ਵਿੱਚ
ਮਾਤਮ ਤੇ ਹਨੇਰ ਛਾਇਆ ਰਿਹਾ

ਇਹ ਸਦੀ ਵੀ ਹਨੇਰੇ ਤੇ
ਕਤਲੋਗਾਰਤ ਦੀ ਸਦੀ ਹੈ।

✵✵

## ਕਾਤਲ

ਅੱਜਕੱਲ
ਇਸ ਸ਼ਹਿਰ ਵਿੱਚ
ਹਰ ਪਾਸੇ ਮੇਰੇ ਕਤਲ ਦੀ ਚਰਚਾ ਹੈ

ਮੇਰਾ ਕਾਤਲ ਕੌਣ ਹੈ?
ਸ਼ਾਇਦ ਤੁਸੀਂ ਸਾਰੇ ਇਹ ਚੰਗੀ ਤਰ੍ਹਾਂ
ਜਾਣਦੇ ਹੋ

ਮੇਰੇ ਕਾਤਲ ਦੀ ਇੱਕ ਪੈੜ ਨੇਤਾ ਜੀ ਦੀ
ਦਹਿਲੀਜ਼ ਤੱਕ ਜਾਂਦੀ ਹੈ
ਦੂਜੀ ਪੈੜ ਮੇਰੇ ਬੇਨਾਮ ਯਾਰਾਂ ਦੀ ਹੈ
ਜੋ ਰਾਹ ਵਿੱਚ ਹੀ ਟੁੱਟ ਜਾਂਦੀ ਹੈ
ਤੇ ਤੀਜੀ ਪੈੜ ਸਿੱਧੀ ਰਿਸ਼ੀ
ਆਸ਼ਰਮ ਵੱਲ ਜਾਂਦੀ ਹੈ
ਜਿੱਥੇ ਧਰਮ ਅਤੇ ਅਹਿੰਸਾ ਦਾ ਪਾਠ
ਪੜ੍ਹਾਇਆ ਜਾਂਦਾ ਹੈ

ਮੇਰੇ ਕਾਤਲ
ਉਸ ਹਰ ਸ਼ਖ਼ਸ ਦਾ ਕਤਲ ਕਰ ਦੇਣਾ
ਚਾਹੁੰਦੇ ਨੇ
ਜਿਹੜਾ ਵੀ ਇਸ ਧੁਖ਼ਦੀ ਸਦੀ ਦਾ
ਚਸ਼ਮਦੀਦ ਗਵਾਹ ਬਣਦਾ ਹੈ

ਮੇਰੇ ਕਾਤਲਾਂ ਦੀਆਂ ਅਥਾਹ ਪੈੜਾਂ ਹਨ
ਤੇ ਮੈਂ ਹਰ ਇੱਕ ਲਹੂ ਭਿੱਜੀ ਪੈੜ ਦਾ
ਪਿੱਛਾ ਕਰ ਰਿਹਾ ਹਾਂ

ਉਂਝ ਮੇਰੇ ਕਾਤਲਾਂ ਦੀਆਂ
ਅਥਾਹ ਪੈੜਾਂ ਹਨ।

**

## ਨਜ਼ਮ ਦੀ ਤਲਾਸ਼

ਆਓ ਸਾਰੇ ਨਜ਼ਮ ਦੀ ਤਲਾਸ਼ ਕਰੀਏ
ਪਿੰਡ
ਨਗਰ
ਸ਼ਹਿਰ ਛੱਡ
ਕਿੱਧਰ ਤੁਰ ਗਈ ਹੈ ਨਜ਼ਮ

ਸ਼ਹਿਰ ਦੇ ਬਾਬੂ ਕਵੀਆਂ ਤੋਂ
ਅੱਕ ਗਈ ਹੈ
ਜਾਂ ਫਿਰ ਕਲਾ ਮੰਦਿਰ ਦੀਆਂ ਪੌੜੀਆਂ
ਚੜ੍ਹਦੀ ਚੜ੍ਹਦੀ ਥੱਕ ਗਈ ਹੈ

ਸਾਡੇ ਸਾਰਿਆਂ ਤੋਂ ਰੁੱਸ ਕੇ
ਕਿੱਧਰ ਤੁਰ ਗਈ ਹੈ ਨਜ਼ਮ

ਆਓ ਸਾਰੇ ਨਜ਼ਮ ਦੀ ਤਲਾਸ਼ ਕਰੀਏ।

**

## ਨਾਟਕ

ਨਾਟਕ ਸ਼ੁਰੂ ਹੈ
ਨਾਟਕ ਚਲ ਰਿਹਾ ਹੈ

ਇਸ ਨਾਟਕ ਦੇ ਸਾਰੇ ਮਹੱਤਵਪੂਰਨ
ਪਾਤਰ
ਨੇਤਾ
ਕਾਨੂੰਨਦਾਨ
ਤੇ ਸਿਪਾਹੀ ਦੀ ਮੌਤ ਹੋ ਚੁੱਕੀ ਹੈ

ਇਸ ਨਾਟਕ ਵਿੱਚ ਤੁਸੀਂ ਕਿੱਥੇ ਕੁ
ਖੜ੍ਹੇ ਹੋ?
ਇਹ ਤਾਂ ਤੁਹਾਡੇ ਚਿਹਰਿਆਂ ਤੇ
ਪਸਰਿਆਂ ਹੋਇਆ ਹਨੇਰਾ
ਚੰਗੀ ਤਰ੍ਹਾਂ ਜਾਣਦਾ ਹੈ

ਇਸ ਨਾਟਕ ਦੀ ਅੰਤਿਕਾ ਅਜੇ
ਆਏਗੀ
ਤੇ ਇਸ ਨਾਟਕ ਦੇ ਆਖ਼ਰੀ ਦ੍ਰਿਸ਼ 'ਚ
ਸ਼ਹਿਰ ਦੀ ਮਸ਼ਹੂਰ ਗੂੰਗੀ ਹਨੇਰੇ 'ਚ ਆਪਣਾ
ਗੀਤ ਗਾਏਗੀ

ਇਸ ਨਾਟਕ ਨੇ ਫਿਰ ਤੋਂ
ਆਪਣਾ ਪੁਰਾਣਾ ਇਤਿਹਾਸ
ਦੁਹਰਾਉਣਾ ਹੈ
ਤੇ ਇਸ ਨਾਟਕ 'ਚ ਤੁਹਾਡੇ ਕਤਲ ਵਾਲਾ
ਦ੍ਰਿਸ਼ ਅਜੇ ਆਉਣਾ ਹੈ

ਨਾਟਕ ਸ਼ੁਰੂ ਹੈ
ਨਾਟਕ ਚਲ ਰਿਹਾ ਹੈ।

**

## ਕੈਸੀਨੋ

ਮੰਦੀ ਦਾ ਦੌਰ ਹੈ
ਪਰ ਬਜ਼ਾਰ ਗਰਮ ਹੈ
ਦਰਵਾਜ਼ਾ ਖੁੱਲ੍ਹਾ ਹੈ

ਤੁਸੀਂ ਇਸ ਕੈਸੀਨੋ ਵਿੱਚ ਆਪਣੀ
ਮਨਪਸੰਦ ਕੋਈ ਵੀ
ਖੇਡ ਖੇਡ ਸਕਦੇ ਹੋ
ਆਪਣੇ ਆਪ ਨੂੰ ਹਾਰ ਕੇ ਕੋਈ ਵੀ
ਬਾਜ਼ੀ ਜਿੱਤ ਸਕਦੇ ਹੋ

ਜੇ ਹਾਰ ਜਾਂਦੇ ਹੋ ਤਾਂ
ਇੱਥੇ ਹੀ ਦੋ ਘੁੱਟ ਲਾ ਕੇ
ਆਪਣੀ ਕਿਸਮਤ ਤੇ ਵਿਰਲਾਪ
ਕਰ ਸਕਦੇ ਹੋ
ਮਨ ਦੇ ਤਿੜਕੇ ਹੋਏ ਸ਼ੀਸ਼ੇ ਨੂੰ
ਰੰਗਾਂ ਦੀ ਚਿੱਤਰਕਾਰੀ ਨਾਲ
ਢੱਕ ਸਕਦੇ ਹੋ

ਜਾਂ ਕਾਮਸੂਤਰ ਗ੍ਰੰਥ ਦਾ ਕੋਈ ਵੀ
ਮਨਚਾਹਿਆ ਵਰਕਾ ਪਾੜ੍ਹਕੇ
ਆਪਣੇ ਜਿਸਮ ਨੂੰ
ਤਰੋਤਾਜ਼ਾ ਕਰ ਸਕਦੇ ਹੋ

ਤੇ ਆਪਣੇ ਆਪ ਨੂੰ ਬੇਕਸੂਰ
ਅਤੇ ਨਿਰਦੋਸ਼ ਸਾਬਤ ਕਰਨ ਲਈ
ਆਪਣੇ ਗ਼ਮ ਆਪਣੇ ਫ਼ਿਕਰ
ਗੋਲਡ ਫ਼ਲੇਕ ਸਿਗਰਟ ਦੇ ਧੂੰਏਂ 'ਚ
ਉਡਾ ਸਕਦੇ ਹੋ

ਤੁਸੀਂ ਇਸ ਕੈਸੀਨੋ ਵਿੱਚ ਆਪਣੀ ਕੋਈ ਵੀ
ਮਨਪਸੰਦ ਖੇਡ
ਖੇਡ ਸਕਦੇ ਹੋ।

## ਭਗਤ ਸਿੰਘ

ਮੇਰੇ ਨਾਲ ਜ਼ਰਾ ਸੱਚ ਦੀ
ਸਰਦਲ ਤੇ ਆਓ
ਆਓ ਕਿ ਤੁਹਾਨੂੰ ਭਗਤ ਸਿੰਘ
ਬੁਲਾਉਂਦਾ ਹੈ

ਭਗਤ ਸਿੰਘ ਗਰਜ਼ਦਾ ਹੈ
ਭਗਤ ਸਿੰਘ ਲਲਕਾਰਦਾ ਹੈ

ਆਪਣੇ ਆਪਣੇ ਲਹੂ ਦੀ ਤਪਸ਼ ਪਰਖ਼ੋ
ਆਪਣੇ ਪੁਰਖ਼ਿਆਂ ਦੀ ਨਬਜ਼ ਸੁਣੋ

ਮੇਰੇ ਨਾਲ ਜ਼ਰਾ ਦੋ ਕੁ ਕਦਮ
ਕਤਲਗਾਹ ਤੱਕ ਚਲੋ

ਆਓ ਕਿ ਤੁਹਾਨੂੰ ਲਹੂ ਰੱਤਿਆ ਚਾਨਣ
ਬੁਲਾਉਂਦਾ ਹੈ
ਆਓ! ਕਿ ਤੁਹਾਨੂੰ ਭਗਤ ਸਿੰਘ
ਬੁਲਾਉਂਦਾ ਹੈ।

✵✵

## ਗੁੰਮੇ ਸਾਜ਼

ਵਕਤ ਦੇ
ਖ਼ੂੰਖਾਰ ਘੋੜੇ ਤੇ ਸਵਾਰ
ਰਾਂਗਲੀਆਂ ਵਾਦੀਆਂ ਵਿੱਚੋਂ
ਗੁਜ਼ਰਦਾ ਹੋਇਆ
ਇਸ ਬੇਲਗਾਮ ਘੋੜੇ ਤੋਂ
ਅੱਜ ਮੂਧੇ ਮੂੰਹ
ਆਣ ਡਿੱਗਿਆ ਹਾਂ ਮੈਂ

ਮੇਰੇ ਮੱਥੇ 'ਚੋਂ
ਰਿਸ ਰਹੇ ਨੇ
ਇਸ ਦੇ ਸੁੰਮਾਂ ਦੇ ਜ਼ਖ਼ਮ

ਹੌਲ਼ੀ ਹੌਲ਼ੀ
ਉਤਰ ਰਿਹਾ ਹੈ
ਸੁਪਨ ਦੇਸ਼
ਤੇ ਸੋਨ ਪਰੀਆਂ
ਦਾ ਨਸ਼ਾ

ਰੰਗਾਂ ਦੇ ਦੇਸ਼ 'ਚ ਭਟਕਦਾ
ਸਤਰੰਗੀ ਪੀਂਘ 'ਚ ਉਲਝਿਆ
ਪਤਾ ਨਹੀਂ ਆਪਣੇ ਸ਼ਬਦ
ਆਪਣੇ ਸਾਜ਼
ਕਿੱਥੇ ਗੁਆ ਆਇਆ ਹਾਂ ਮੈਂ?

ਤੇ ਅੱਜ ਆਪਣੀ ਹੀ ਭੋਇੰ ਵੱਲ
ਪਰਤਣ ਲੱਗਿਆਂ
ਮੇਰੇ ਰਾਹ ਪਤਾ ਨਹੀਂ ਕਿਹੜੇ
ਅਜ਼ਗਰ ਨਿਗਲ਼ ਗਏ ਨੇ?

ਤੇ ਮੈਂ ਹੁਣ ਖਾਲਮ ਖਾਲੀ
ਬੇ-ਨਕਸ਼ ਹੋਇਆ
ਕਬਰਾਂ ਦੇ ਰਸਤਿਉਂ ਵਾਪਸ
ਪਰਤ ਰਿਹਾ ਹਾਂ
ਆਪਣੇ ਘਰ
ਆਪਣੇ ਪਿੰਡ
ਆਪਣੇ ਪੁਰਖ਼ਿਆਂ ਦੇ ਦੇਸ਼।

✵✵

# ਪਿੰਡ

ਮੇਰੇ ਪੁਰਖ਼ਿਆਂ ਦੀ ਆਖ਼ਰੀ ਨਿਸ਼ਾਨੀ
ਅੱਜ ਵੱਢ ਦਿੱਤਾ ਗਿਆ ਹੈ
ਮੇਰੇ ਪਿੰਡ ਦਾ ਬੋਹੜ

ਤੇ ਮੈਂ ਵਿਰਾਸਤੀ ਮੇਲੇ ਵਿੱਚ
ਆਪਣੇ ਬੱਚਿਆਂ ਨੂੰ
ਅਜਨਬੀ ਰੁੱਖਾਂ ਦੀ ਸੱਭਿਅਤਾ ਤੋਂ
ਜਾਣੂ ਕਰਵਾ ਰਿਹਾ ਹਾਂ

ਢਹਿ ਗਈ ਹੈ ਮੇਰੇ ਪਿੰਡ ਦੀ
ਧਰਮਸ਼ਾਲਾ
ਤੇ ਮੈਂ ਆਪਣੇ ਬੱਚਿਆਂ ਨੂੰ
ਸ਼ਹਿਰ ਦੇ ਗੋਲਡਨ ਹੋਟਲ
ਅਤੇ ਮੈਰਿਜ ਪੈਲਿਸ
ਵਿਖਾ ਰਿਹਾ ਹਾਂ

ਵਿਕ ਗਏ ਨੇ ਮੇਰੇ ਪਿੰਡ ਦੇ ਖੇਤ
ਪਗਡੰਡੀਆਂ
ਤੇ ਮੇਰੇ ਪੁਰਖ਼ਿਆਂ ਦੀਆਂ ਸਮਾਧਾਂ ਵੀ
ਤੇ ਮੈਂ ਆਪਣੇ ਬੱਚਿਆਂ ਨੂੰ
ਸ਼ਹਿਰ ਵਿੱਚਲਾ ਆਪਣਾ
ਪਲਾਟ ਵਿਖਾ ਰਿਹਾ ਹਾਂ

ਪਤਾ ਨਹੀਂ ਹੋਰ ਕਿੰਨਾ ਕੁਝ
ਢਹਿ ਗਿਆ ਹੈ
ਮੇਰੇ ਅੰਦਰੋਂ
ਜੋ ਸ਼ਾਇਦ ਮੈਂ ਆਪਣੇ
ਬੱਚਿਆਂ ਨੂੰ ਨਹੀਂ ਵਿਖਾ ਸਕਦਾ

ਜਿਸਦੀ ਆਵਾਜ਼
ਕੇਵਲ ਮੈਂ ਹੀ ਸੁਣਦਾ ਹਾਂ
ਕੇਵਲ ਮੈਂ ਹੀ ਸੁਣਦਾ ਹਾਂ।

## ਲਹੂ ਦੀ ਪੈੜ

ਮੈਂ ਚਲਦਾ ਹਾਂ ਤਾਂ
ਲਹੂ ਦੀ ਇੱਕ
ਪੈੜ ਬਣ ਜਾਂਦੀ ਹੈ

ਮੈਂ ਬੋਲਦਾ ਹਾਂ ਤਾਂ ਲਹੂ ਦੀ
ਇੱਕ ਪੈੜ ਬਣ ਜਾਂਦੀ ਹੈ

ਮੇਰੇ ਸਾਰੇ ਪੁਰਖ਼ੇ ਇਨ੍ਹਾਂ ਹੀ
ਲਹੂ ਭਿੱਜੀਆਂ ਪੈੜਾਂ ਤੇ ਚਲਦੇ ਰਹੇ

ਮੈਂ ਜਿਸ ਮਿੱਟੀ ਨੂੰ ਆਪਣੇ ਮੱਥੇ ਨਾਲ
ਲਾਉਂਦਾ ਹਾਂ
ਇਸ ਮਿੱਟੀ ਵਿੱਚ ਮੇਰੇ ਪੁਰਖ਼ਿਆਂ ਦਾ ਲਹੂ
ਡੁੱਲ੍ਹਿਆ ਹੋਇਆ ਹੈ

ਉਹ ਉਨ੍ਹਾਂ ਮਹਾਨ ਲੋਕਾਂ 'ਚੋਂ ਸਨ ਜਿਹੜੇ
ਮੌਤ ਦਾ ਅਰਕ ਪੀਂਦੇ ਹੋਏ ਵੀ
ਜਿੱਤ ਦੇ ਗੀਤ ਗਾਉਂਦੇ ਰਹੇ

ਤੇ ਹੁਣ ਇਨ੍ਹਾਂ ਖ਼ੂੰਖਾਰ ਰਾਹਾਂ ਦੀ ਵਸੀਅਤ
ਮੇਰੇ ਨਾਂ ਬੋਲਦੀ ਹੈ
ਤੇ ਮੈਂ ਜਿੱਧਰੋਂ ਵੀ ਲੰਘਦਾ ਹਾਂ
ਲਹੂ ਦੀ ਇੱਕ
ਪੈੜ ਬਣਦੀ ਜਾਂਦੀ ਹੈ।

**

## ਮੇਰੇ ਪਿੰਡ ਦਾ ਬੋਹੜ

ਮੇਰੇ ਪਿੰਡ ਦਾ ਬੋਹੜ
ਮੇਰੇ ਨਾਲ ਗੱਲਾਂ ਕਰਦਾ ਹੈ

ਮੈਂ ਉਸਦੀ ਆਵਾਜ਼
ਸੁਣਦਾ ਹਾਂ
ਉਹ ਮੇਰੀ ਆਵਾਜ਼
ਸੁਣਦਾ ਹੈ
ਅਸੀਂ ਦੋਵੇਂ ਇੱਕ ਦੂਜੇ ਦੀ ਖਾਮੋਸ਼ ਭਾਸ਼ਾ
ਸਮਝਦੇ ਹਾਂ

ਹਨੇਰੀਆਂ, ਝੱਖੜਾਂ ਅਤੇ ਤੂਫਾਨਾਂ ਵਿੱਚ ਵੀ
ਅਡੋਲ ਰਿਹਾ ਬੋਹੜ
ਇਨ੍ਹਾਂ ਕਾਲ਼ੇ ਸਮਿਆਂ ਵਿੱਚ ਵੀ ਮੇਰੀ
ਰਹਿਨੁਮਾਈ ਕਰਦਾ ਹੈ
ਸੰਤਾਲੀ
ਚੁਰਾਸੀ
ਤੇ ਪਿੰਡ ਦੇ ਵਿਕਣ ਤੱਕ ਦੇ ਸਾਰੇ ਸੰਤਾਪ
ਉਸਨੇ ਆਪਣੀ ਹਿੱਕ ਤੇ ਜਰੇ ਹਨ

ਮੈਂ ਉਸਨੂੰ ਧਰਵਾਸ ਦਿੰਦਾ ਹਾਂ
ਉਹ ਮੈਨੂੰ ਧਰਵਾਸ ਦਿੰਦਾ ਹੈ

ਤੇ ਅਸੀਂ ਦੋਵੇਂ ਹੁਣ
ਇਸ ਪਿੰਡ ਵਿੱਚ
ਕੇਵਲ ਇੱਕ ਦੂਜੇ ਲਈ ਖੜੇ ਹਾਂ

ਮੇਰੇ ਪਿੰਡ ਦਾ ਬੋਹੜ
ਮੇਰੇ ਨਾਲ ਗੱਲਾਂ ਕਰਦਾ ਹੈ।

**

# ਬਸੰਤ ਤੇ ਕਵੀ

ਬਸੰਤ ਇਸ ਵਾਰ ਵੀ
ਕਵੀ ਲਈ ਉਦਾਸ ਸੀ

ਉਹ ਭਾਵੁਕਤਾ ਵੱਸ ਆਪਣੀ
ਇੱਕ ਅੱਖ ਕਿਸੇ ਨੂੰ
ਦਾਨ ਕਰ ਆਇਆ ਸੀ

ਉਸਦੇ ਲਹੂ 'ਚ ਤਿਤਲੀਆਂ ਭੌਰੇ
ਪਲ ਦੋ ਪਲ ਲਈ ਉੱਡੇ
ਤੇ ਬਸ ਫਿਰ ਸ਼ਾਂਤ ਹੋ ਗਏ
ਉਸਦੀ ਨਜ਼ਰ ਹੁਣ ਉਸਨੂੰ
ਜਵਾਬ ਦੇ ਰਹੀ ਸੀ

ਉਸਦੀ ਦੂਜੀ ਅੱਖ 'ਚ
ਕਤਰਾ
ਕਤਰਾ
ਹਨੇਰਾ ਉਤਰ ਰਿਹਾ ਸੀ
ਜਿਵੇਂ ਕੋਰੇ ਸਫ਼ਿਆਂ ਤੇ
ਤੁਪਕਾ ਤੁਪਕਾ
ਕਿਸੇ ਦਾ
ਲਹੂ ਡੁੱਲ੍ਹਦਾ ਹੈ

ਪਰ ਉਹ ਆਪਣੇ ਤੁਪਕਾ ਤੁਪਕਾ
ਡੁਲ੍ਹਦੇ ਲਹੂ ਨਾਲ
ਫਿਰ ਤੋਂ
ਕੋਈ ਤਸਵੀਰ ਬਣਾ ਰਿਹਾ ਸੀ

ਬਸੰਤ ਇਸ ਵਾਰ ਵੀ
ਕਵੀ ਲਈ ਉਦਾਸ ਸੀ।

✵✵

## ਸੱਚ

ਸੱਚ ਸੂਤਰਧਾਰ ਕਵੀ ਦੇ ਗੰਭੀਰ ਜਬਾੜਿਆਂ
ਵਰਗਾ ਨਹੀਂ ਹੁੰਦਾ
ਸਗੋਂ ਇਨਕਲਾਬੀਆਂ ਦੇ ਲਹੂ 'ਚ ਰੰਗੇ
ਸੂਹੇ ਪਰਚਮ ਵਰਗਾ ਹੁੰਦਾ ਹੈ

ਸੱਚ ਮੰਡੀ ਦੇ ਰੰਗ ਬਰੰਗੇ ਇਸ਼ਤਿਹਾਰ
ਵਰਗਾ ਨਹੀਂ ਹੁੰਦਾ
ਸਗੋਂ ਲਹੂ 'ਚ ਸੁਲਗ਼ਦੇ ਜਵਾਲਾ ਮੁੱਖੀ ਦੇ
ਗੀਤ ਵਰਗਾ ਹੁੰਦਾ ਹੈ

ਸੱਚ ਤਖ਼ਤ ਦੇ ਪਾਵੇ ਵਾਂਗ
ਮੀਸਣਾ ਨਹੀਂ ਹੁੰਦਾ
ਸਗੋਂ ਸ਼ਹੀਦ ਦੇ ਚਿਹਰੇ ਦੇ ਲਰਜ਼ਦੇ ਨੂਰ
ਵਰਗਾ ਹੁੰਦਾ ਹੈ

ਸੱਚ ਕੁਦਰਤ ਦਾ ਇੱਕ ਪਵਿੱਤਰ ਨਗ਼ਮਾ ਹੈ
ਤੇ ਸੱਚ ਮੌਤ ਵਰਗੇ ਖੌਫ਼ਨਾਕ ਦਿਨ੍ਹਾਂ 'ਚ ਵੀ
'ਰੰਗ ਦੇ ਬਸੰਤੀ ਚੋਲਾ'
ਗਾਉਂਦਾ ਹੈ

ਸੱਚ ਸੂਤਰਧਾਰ ਕਵੀ ਦੇ ਗੰਭੀਰ ਜਬਾੜਿਆਂ
ਵਰਗਾ ਨਹੀਂ ਹੁੰਦਾ।

✵✵

## ਚੱਕਰਵਾਤ

ਹਰ ਪਲ
ਹਰ ਦਿਨ
ਇੱਕ ਚੱਕਰਵਾਤ ਨਾਲ
ਲੜ ਰਿਹਾ ਹਾਂ ਮੈਂ

ਇਹ ਚੱਕਰਵਾਤ ਮੈਨੂੰ ਬੁਰੀ ਤਰ੍ਹਾਂ
ਤੋੜ ਦੇਣਾ ਚਾਹੁੰਦਾ ਹੈ
ਇਹ ਚੱਕਰਵਾਤ ਮੈਨੂੰ ਮੇਰੀਆਂ ਜੜ੍ਹਾਂ ਤੋਂ
ਵਿਛੋੜ ਦੇਣਾ ਚਾਹੁੰਦਾ ਹੈ

ਇਹ ਚੱਕਰਵਾਤ ਮੇਰੇ ਘਰ ਦੇ ਹਰੇ ਭਰੇ
ਰੁੱਖਾਂ ਨੂੰ ਇੱਕ ਤਾਬੂਤ ਵਿੱਚ ਬਦਲ ਦੇਣਾ
ਚਾਹੁੰਦਾ ਹੈ
ਇਹ ਚੱਕਰਵਾਤ ਰੋਸ਼ਨ ਰੂਹਾਂ ਨੂੰ ਖਾਮੋਸ਼
ਬੁੱਤ ਬਣਾ ਦੇਣਾ ਚਾਹੁੰਦਾ ਹੈ

ਪਰ ਮੈਂ ਬੁੱਤ ਬਣਨੋਂ ਇਨਕਾਰੀ
ਪਰ ਮੈਂ ਤਾਬੂਤ ਬਣਨੋਂ ਇਨਕਾਰੀ
ਭਾਵੇਂ ਕਿਣਕਾ ਕਿਣਕਾ ਝੜ ਰਿਹਾ ਹਾਂ

ਇਸ ਚੱਕਰਵਾਤ ਨਾਲ ਲੜ ਰਿਹਾ ਹਾਂ
ਇਸ ਚੱਕਰਵਾਤ ਨਾਲ ਲੜ ਰਿਹਾ ਹਾਂ।

## ਜ਼ਿੰਦਗੀ

ਮੈਂ ਇੱਕੋ ਵੇਲੇ ਕਿੰਨੇ ਹੀ ਅਜ਼ਗਰਾਂ ਦੀ
ਅੱਖ ਵਿੱਚ ਰੜਕਦਾ ਹਾਂ

ਮੈਂ ਇੱਕੋ ਵੇਲੇ ਕਿੰਨੇ ਹੀ ਘੜਿਆਲਾਂ ਦੇ
ਸੁਪਨਿਆਂ ਵਿੱਚ ਅਸਾਨੀ ਨਾਲ
ਉਨ੍ਹਾਂ ਦੇ ਜਬਾੜਿਆਂ ਦੀ ਪਕੜ ਵਿੱਚ
ਆ ਜਾਂਦਾ ਹਾਂ

ਮੈਂ ਇੱਕੋ ਵੇਲੇ ਕਿੰਨੇ ਹੀ ਅਗਿਆਤ ਦੁਸ਼ਮਣਾਂ ਦੀ
ਮਾਰ ਹੇਠ ਹੁੰਦਾ ਹਾਂ

ਫਿਰ ਮੈਂ ਆਪਣੀ ਨੀਮ ਬੇਹੋਸ਼ੀ 'ਚੋਂ ਜਾਗਦਾ ਹਾਂ
ਇਨ੍ਹਾਂ ਅਜ਼ਗਰਾਂ ਨਾਲ ਖ਼ੂੰਖਾਰ ਯੁੱਧ ਲੜਦਾ ਹਾਂ
ਘੜਿਆਲਾਂ ਦੀ ਅੱਖ ਨਾਲ ਅੱਖ
ਮਿਲਾਉਂਦਾ ਹਾਂ

ਇਨ੍ਹਾਂ ਦੀ ਮੱਕਾਰ ਤਾਕਤ ਪਰਖ਼ਦਾ ਹੋਇਆ
ਇਨ੍ਹਾਂ ਨੂੰ ਦੋ ਹਿੱਸਿਆਂ ਵਿੱਚ
ਪਾੜ ਦਿੰਦਾ ਹਾਂ

ਇਹ ਦ੍ਰਿਸ਼ ਵੇਖ ਕੇ ਮੇਰੇ ਦੁਸ਼ਮਣ ਦੀ ਅੱਖ ਵਿੱਚ
ਹਨੇਰਾ ਉਤਰ ਆਉਂਦਾ ਹੈ

ਬਸ ਮੈਂ ਰੋਜ਼ ਮੌਤ ਦੇ ਸਾਏ ਹੇਠ
ਏਸੇ ਤਰ੍ਹਾਂ ਹੀ ਜਿਉਂਦਾ ਹਾਂ
ਏਸੇ ਤਰ੍ਹਾਂ ਹੀ ਜਿਉਂਦਾ ਹਾਂ।

✵✵

## ਕੁਦਰਤ

ਇੱਕ ਕੋਠੇ ਤੇ
ਗਮਲੇ ਵਿੱਚ ਉੱਗਿਆ ਬੂਟਾ

ਆਪਣੀ ਖ਼ੁਦੀ ਤੇ
ਬਹੁਤ ਹੱਸਿਆ
ਬਹੁਤ ਹੱਸਿਆ

ਤੇ ਫਿਰ ਅਚਾਨਕ
ਧੜੰਮ ਦੇਣੀ
ਹੇਠਾਂ ਡਿੱਗ ਪਿਆ।

✵✵

# ਲਹੂ ਦਾ ਸੰਗੀਤ

ਲਹੂ ਡੁੱਲ੍ਹਦਾ ਹੈ ਤਾਂ ਨਵੀਆਂ
ਪਗਡੰਡੀਆਂ ਬਣਦੀਆਂ ਹਨ

ਲਹੂ ਡੁੱਲ੍ਹਦਾ ਹੈ
ਤਾਂ ਨਵੇਂ ਰਾਹ ਬਣਦੇ ਹਨ
ਲਹੂ ਡੁੱਲ੍ਹਦਾ ਹੈ ਤਾਂ ਨਵੇਂ ਗੀਤ ਬਣਦੇ ਹਨ

ਲਹੂ ਅਤੇ ਸੰਗੀਤ ਦਾ ਡੂੰਘਾ ਰਿਸ਼ਤਾ
ਮੈਂ ਸਮਝਦਾ ਹਾਂ

ਇਸ ਤਰ੍ਹਾਂ ਇਨ੍ਹਾਂ ਲਹੂ ਭਰੇ ਰਾਹਾਂ
ਅਤੇ ਪਗਡੰਡੀਆਂ ਤੇ ਚਲਦਿਆਂ

ਮੈਂ ਅਕਸਰ ਆਪਣੇ ਲਹੂ ਵਿਚਲਾ ਸਦੀਵੀ
ਸੰਗੀਤ ਸੁਣਦਾ ਹਾਂ।

✵✵

## ਅਹਿਸਾਸ

ਮੇਰੇ ਕੋਲ ਕੈਨਵਸ ਹੈ
ਬੁਰਸ਼ ਹੈ
ਰੰਗ ਹਨ
ਕਲਾ ਦੀ ਇੱਕ ਮੁਕੰਮਲ
ਤ੍ਰਿਮੂਰਤੀ ਹੈ

ਪਰ ਮੈਂ ਹਰ ਵਾਰੀ ਤੇਰਾ ਨਾਂ
ਇੱਕ ਖੰਜ਼ਰ ਨਾਲ ਹੀ
ਕਿਉਂ ਲਿਖਦਾ ਹਾਂ?

II

ਤੇਰੇ ਕੋਲ ਮੇਰੀ ਦੁਨੀਆਂ ਨੂੰ
ਪਰਿਭਾਸ਼ਤ ਕਰਨ ਦੇ ਸਿਰਫ਼
ਦੋ ਹੀ ਸ਼ਬਦ ਹਨ
ਸੱਚ
ਜਾਂ
ਝੂਠ

ਪਰ ਤੂੰ ਇਹ ਨਹੀਂ ਜਾਣਦੀ
ਕਿ ਤੇਰੇ ਇਸ ਸੱਚ ਅਤੇ ਝੂਠ
ਦੇ ਦਰਮਿਆਨ
ਮੇਰਾ ਕਿੰਨਾ ਕੁਝ ਤੜਪ ਰਿਹਾ
ਹੁੰਦਾ ਹੈ।

✵✵

# ਮੈਂ ਤੇ ਜੰਗਲ

ਜਦ ਮੈਂ ਬੇਘਰ ਸਾਂ
ਤਾਂ ਮੈਂ ਘਰ ਬਣਾਉਣ ਲਈ
ਜੰਗਲ ਨਾਲ ਲੋਹਾ ਲਿਆ

ਹੁਣ ਮੈਂ ਤੇ ਜੰਗਲ
ਰੋਟੀ ਲਈ
ਇੱਕ ਵਾਰ ਫੇਰ
ਆਹਮੋ ਸਾਹਮਣੇ ਸਾਂ

ਮੇਰੀ ਰੋਜ਼ ਦੀ ਇਸ
ਲੜਾਈ ਤੋਂ
ਸਾਰਾ ਹੀ ਜੰਗਲ ਮੇਰੇ ਖਿਲਾਫ਼
ਉੱਠ ਖੜ੍ਹਾ ਹੋਇਆ

ਮੈਂ ਜੰਗਲ ਅੱਗੇ ਅੜ ਗਿਆ
ਜੰਗਲ ਮੇਰੇ ਅੱਗੇ ਅੜ ਗਿਆ
ਮੈਂ ਜੰਗਲ ਨੂੰ ਯੁੱਧ ਲਈ
ਲਲਕਾਰਿਆ

ਹੁਣ ਮੈਂ ਤੇ ਜੰਗਲ ਇੱਕ
ਨਿਰੰਤਰ ਯੁੱਧ ਵਿੱਚ ਹਾਂ
ਤੇ ਹੁਣ ਇਹੀ ਜੰਗਲ ਮੇਰੇ ਅੰਦਰ
ਉੱਗ ਆਇਆ ਹੈ

ਹੁਣ ਇਹੀ ਜੰਗਲ ਮੇਰੇ ਲਹੂ 'ਚ
ਦਹਾੜਦਾ ਹੈ
ਤੇ ਹੁਣ ਇਹੀ ਜੰਗਲ ਮੇਰੇ ਸਾਹਾਂ 'ਚ
ਬੋਲਣ ਲੱਗ ਪਿਆ ਹੈ

ਹੁਣ ਮੈਂ ਤੇ ਜੰਗਲ ਜਿਵੇਂ ਇੱਕੋ ਹੀ
ਭਾਸ਼ਾ 'ਚ ਬੋਲਦੇ ਹਾਂ।

**

## ਜਿੱਤ ਦਾ ਸਫ਼ਰ

ਤੂੰ ਮੌਤ ਦੀਆਂ ਵਾਦੀਆਂ ਲੰਘਕੇ ਆ
ਜਾਂ ਫ਼ਾਂਸੀ ਦੇ ਤਖ਼ਤੇ ਤੇ ਚੜ੍ਹਕੇ ਆ

ਆ ਕੇ ਮੈਂ ਤੈਨੂੰ
ਜੇਤੂ ਘੋਸ਼ਿਤ ਕਰਾਂਗੀ

ਮੇਰੀ ਪਨਾਹ ਵਿੱਚ ਜੋ ਵੀ ਆਏਗਾ
ਉਹ ਸ਼ਹੀਦ ਕਹਾਏਗਾ

ਮੇਰੀ ਗੋਦ ਵਿੱਚ ਜੋ ਵੀ ਆਏਗਾ
ਉਹ ਵੀਰਗਤੀ ਨੂੰ ਪ੍ਰਾਪਤ ਹੋਏਗਾ
ਇਸ ਲਈ
ਮੈਂ ਤੈਨੂੰ ਵੰਗਾਰਦੀ ਹਾਂ ਕਿ
ਤੂੰ ਆਪਣੇ ਰਾਹਾਂ ਨੂੰ
ਆਪਣੇ ਲਹੂ ਨਾਲ
ਰੰਗਦਾ ਚਲਾ ਜਾ

ਤੇਰਾ ਲਹੂ ਜਿੱਥੇ ਜਿੱਥੇ ਵੀ ਡੁੱਲ੍ਹੇਗਾ
ਉਸਦੀ ਲਾਲੀ ਤੋਂ ਇੱਕ ਨਵਾਂ
ਸੂਰਜ ਉਦੈ ਹੋਏਗਾ

ਤੇਰਾ ਸੀਸ ਜਿੱਥੇ ਵੀ ਡਿੱਗੇਗਾ
ਕਤਲਗਾਹ ਨੂੰ ਨਵੇਂ ਅਰਥ
ਦਿਖਾਏਗਾ

ਆ ਕਿ ਮੈਂ ਤੈਨੂੰ ਜੇਤੂ
ਘੋਸ਼ਿਤ ਕਰਾਂਗੀ।

✷✷

## ਪਰਬਤ

ਮੈਂ ਹਰ ਰੋਜ਼
ਸੁਬਹ ਹੁੰਦਿਆਂ ਹੀ
ਆਪਣੇ ਲਹੂ 'ਚ ਇੱਕ ਪਰਬਤ
ਉਸਾਰਦਾ ਹਾਂ

ਫਿਰ ਇਸ ਪਰਬਤ ਦੀ ਚੋਟੀ ਤੇ
ਜਾ ਚੜ੍ਹਦਾ ਹਾਂ

ਆਪਣੇ ਦੁਸ਼ਮਣਾਂ ਨੂੰ ਯੁੱਧ ਲਈ ਲਲਕਾਰਦਾ ਹਾਂ
ਉਨ੍ਹਾਂ ਨਾਲ ਘਮਸਾਨ ਯੁੱਧ ਲੜਦਾ ਲੜਦਾ
ਲਹੂ-ਲੁਹਾਨ ਹੁੰਦਾ ਹਾਂ

ਤੇ ਹੁਣ ਇਹ ਪਰਬਤ ਮੇਰੇ ਲਹੂ 'ਚ ਬੋਲਦਾ ਹੈ।

## ਇੱਕ ਘਰ

ਇੱਕ ਘਰ
ਇੱਕ ਢਾਰਾ
ਅਜੇ ਵੀ ਮੇਰੇ ਸੁਪਨਿਆਂ ਵਿੱਚ
ਉਸੇ ਤਰ੍ਹਾਂ ਸੁਲਗਦਾ ਹੈ

ਮਾਂ ਜਿਵੇਂ ਮਰੀ ਨਹੀਂ
ਸਗੋਂ ਪੂਰੇ ਘਰ ਵਿੱਚ
ਸਾਕਾਰ ਹੈ
ਉਸਦੇ ਮਨ ਤੇ ਦੋ ਧੀਆਂ ਦੇ ਹੱਥ
ਪੀਲ਼ੇ ਕਰਨ ਦਾ ਭਾਰ ਹੈ

ਤੇ ਮੈਂ ਪੜ੍ਹਨ ਲਈ
ਦੀਵੇ ਪਿੱਛੇ ਆਪਣੇ ਵੱਡੇ ਭਾਈ ਨਾਲ
ਲੜਦਾ ਹਾਂ
ਤੇ ਕਦੇ ਘਰ ਦੇ ਪਿਛਲੇ ਪਾਸੇ ਹਰੇ ਵਿੱਚ
ਆਪਣੀ ਨਿੱਕੀ ਭੈਣ ਨਾਲ
ਤਿੱਤਲੀਆਂ ਫੜਦਾ ਹਾਂ

ਤੇ ਪਿੰਡ ਦੇ ਕਿੰਨੇ ਹੀ ਢੱਠੇ ਹੋਏ ਘਰ
ਅਤੇ ਮੋਏ ਪਾਤਰ
ਜੱਗ ਜਿਉਂਦੇ ਨਜ਼ਰ ਆਉਂਦੇ

ਇੱਕ ਘਰ
ਇੱਕ ਢਾਰਾ
ਅਜੇ ਵੀ ਮੇਰੇ ਸੁਪਨਿਆਂ ਵਿੱਚ
ਉਸੇ ਤਰ੍ਹਾਂ ਸੁਲਗਦਾ ਹੈ।

✵✵

## ਸ਼ਹੀਦ

ਤੁਸੀਂ ਮੈਨੂੰ ਜਿਹੜੇ ਵੀ ਜੇਲ੍ਹ ਖ਼ਾਨਿਆਂ ਅਤੇ
ਕਾਲ ਕੋਠੜੀਆਂ ਵਿੱਚ ਸੁੱਟਦੇ ਆਏ ਹੋ
ਹੁਣ ਇਨ੍ਹਾਂ ਕਾਲ ਕੋਠੜੀਆਂ ਅਤੇ
ਜੇਲ੍ਹ ਖ਼ਾਨਿਆਂ ਦੀ ਮਿਆਦ
ਪੁੱਗ ਚੁੱਕੀ ਹੈ

ਤੁਸੀਂ ਜਿਹੜੀਆਂ ਬਖ਼ਤਰਬੰਦ ਗੱਡੀਆਂ ਵਿੱਚ
ਮੇਰੀ ਅਣਖ ਨੂੰ ਪਰਖ਼ਦੇ ਆਏ ਹੋ
ਉਹ ਹੁਣ ਖੰਡਰ ਜੇਲ੍ਹਾਂ ਦੇ ਪਿਛਵਾੜੇ ਯੁੱਗਾਂ ਤੋਂ
ਉਦਾਸ ਤੇ ਮਾਯੂਸ ਖੜੀਆਂ ਹਨ

ਤੁਸੀਂ ਹਰ ਸਦੀ ਵਿੱਚ ਮੇਰੇ ਕਤਲ ਦੀ ਸਾਜਿਸ਼
ਰਚਦੇ ਆਏ ਹੋ
ਪਰ ਮੈਂ ਆਪਣਾ ਸੂਹਾ ਪਰਚਮ ਲੈ ਕੇ
ਫਿਰ ਤੋਂ ਪਰਤ ਆਉਂਦਾ ਹਾਂ

ਤੇ ਮੈਂ ਦੁਨੀਆ ਦੇ ਹਰ ਉਸ ਸ਼ਖ਼ਸ ਨਾਲ
ਖੜਾ ਹਾਂ
ਜਿਸ ਦੇ ਮੱਥੇ ਵਿੱਚ ਹੁਣੇ-ਹੁਣੇ ਕੋਈ
ਦੀਵਾ ਬਲਿਆ ਹੈ

ਤੇ ਜਿਸ ਨੇ ਰੋਸ਼ਨੀ ਦੀ
ਗੱਲ ਹਾਲੇ ਕਰਨੀ ਹੈ।

✵✵

## ਸਪਾਰਟਕਸ ਪੜ੍ਹਦਿਆਂ

ਹਾਵਰਡ ਫਾਸਟ ਦਾ ਨਾਵਲ ਸਪਾਰਟਕਸ
ਪੜ੍ਹਦਿਆਂ
ਬੜਾ ਕੁਝ ਯਾਦ ਆਇਆ
ਜਿਵੇਂ ਲਹੂ 'ਚ ਕੋਈ ਜਵਾਲਾਮੁੱਖੀ
ਉੱਠ ਰਿਹਾ ਹੋਵੇ
ਆਪਣੇ ਦੁਸ਼ਮਣ ਯਾਦ ਆਏ
ਆਪਣੇ ਲੜਾਕੂ ਪੁਰਖ਼ੇ ਯਾਦ ਆਏ
ਮੌਤ ਨਾਲ ਲੜਦੀਆਂ ਬਹਾਦਰ ਮਾਵਾਂ
ਚੇਤੇ ਆਈਆਂ

ਤੇ ਫਿਰ ਆਪਣਾ ਪੜਦਾਦਾ
ਯਾਦ ਆਇਆ
ਜਿਹੜਾ ਖ਼ੂੰਖਾਰ ਚੀਤਿਆਂ ਨਾਲ ਯੁੱਧ
ਕਰਿਆ ਕਰਦਾ ਸੀ
ਤੇ ਜਿਸ ਤੋਂ ਨੇੜੇ ਦੇ ਮੁਸਲਮਾਨ ਸਰਦਾਰ
ਖ਼ੌਫ਼ ਖਾਂਦੇ ਸਨ
ਜਿਸ ਤੋਂ ਪੁਰਾਤਨ ਮੰਦਿਰ ਦੇ ਪੁਜਾਰੀ ਵੀ ਡਰਦਿਆਂ
ਧੀਮੀ ਸੁਰ 'ਚ ਸੰਖ ਵਜਾਉਂਦੇ ਸਨ

ਇਸ ਦਾ ਮੈਨੂੰ ਅਜੇ ਤੱਕ ਕਾਰਨ ਨਹੀਂ ਲੱਭਾ ਕਿ ਮੇਰਾ
ਬਾਬਾ ਅਣਖ ਵੱਲੋਂ ਕੰਗਾਲ ਕਿਵੇਂ ਹੋ ਗਿਆ ਸੀ?
ਤੇ ਆਖ਼ਰ ਉਸ ਨੇ ਆਪਣੀਆਂ ਰਗਾਂ ਵਿੱਚ
ਸੁਲਗਦਾ ਖ਼ੂਨ
ਲਾਵੇ ਵਾਂਗ ਖੌਲ੍ਹਦਾ ਕਾਲਾ ਲਹੂ
ਜੰਗਲੀ ਵੈਦ ਨੂੰ ਬੁਲਾ ਕੇ
ਸਿੰਗੀਆਂ ਲਵਾ ਕੇ
ਬਾਰ ਦੀ ਜੰਗਲੀ ਧਰਤ ਤੇ
ਕਿਉਂ ਵਹਾ ਦਿੱਤਾ ਸੀ?

ਹਾਵਰਡ ਫਾਸਟ ਦਾ ਨਾਵਲ ਸਪਾਰਟਕਸ
ਪੜ੍ਹਦਿਆਂ ਬੜਾ ਕੁਝ ਯਾਦ ਆਇਆ।

## II

ਸਪਾਰਟਕਸ ਨੂੰ ਯਾਦ ਕਰਦਿਆਂ
ਇੱਕ ਲਹੂ ਅਤੇ ਮਾਸ ਦੇ
ਜੰਗਲ ਵਿੱਚੋਂ ਲੰਘ ਰਿਹਾ ਹਾਂ
ਜਿੱਥੇ ਲੱਖਾਂ ਹੀ ਗੁਲਾਮਾਂ ਦੀ
ਬਿਨਾਂ ਸਿਰਾਂ ਤੋਂ
ਇੱਕ ਭੈ-ਭੀਤ ਕਰਨ ਵਾਲੀ
ਵੱਡੀ ਬਸਤੀ ਹੈ

ਤੇ ਕੁਝ ਗੁਲਾਮ
ਇੱਕ ਬੰਜ਼ਰ ਰੇਗਿਸਤਾਨ ਵਿੱਚ
ਹਜ਼ਾਰਾਂ ਦੀ ਤਾਦਾਦ ਵਿੱਚ
ਨੰਗ ਮੁਨੰਗੇ ਖੜ੍ਹੇ
ਸਰੰਗੀਆਂ ਵਜਾ ਰਹੇ ਹਨ

ਬਸ ਇਸੇ ਗੱਲ ਦਾ ਰੋਮ ਦੇ
ਇੱਕ ਵੱਡੇ ਲੜਾਕੂ ਸਕੂਲ ਦੇ ਮਾਲਕ
ਇੱਕ ਵੱਡੇ ਦਲਾਲ
ਇੱਕ ਵੱਡੇ ਸ਼ਾਹ
ਜੋ ਗੁਲਾਮਾਂ ਨੂੰ
ਮਰਦੇ ਦਮ ਤੱਕ ਲੜਾਉਣ ਵਿੱਚ ਮਾਹਿਰ ਹੈ
***ਲੈਂਟੂਲਸ ਬੈਟੀਏਟਸ* ਨੂੰ*** ਇਤਰਾਜ਼ ਹੈ

ਜੇ ਕਿਸੇ ਗੁਲਾਮ ਦੇ ਧੜ ਤੇ ਸਿਰ ਉੱਗਣ ਲੱਗਦਾ ਹੈ
ਤਾਂ ਉਹ ਇਸ ਨੂੰ ਸਪੇਨੀ ਤਲਵਾਰ ਦੇ ਇੱਕੋ ਝਟਕੇ ਨਾਲ
ਲਾਹ ਸੁੱਟਦਾ ਹੈ
ਤੇ ਬਸ ਫਿਰ ਰੋਮਨ ਧਰਤੀ ਗੁਲਾਮ ਦਾ
ਗਟਗਟ ਕਰਕੇ ਲਹੂ ਡੀਕ ਜਾਂਦੀ ਹੈ

ਤੇ ਇਸ ਤਰ੍ਹਾਂ ਤੁਸੀਂ ਜਾਣਦੇ ਹੀ ਹੋ
ਜੋ ਲਹੂ ਪੀਣ ਦਾ ਆਦੀ ਹੋ ਜਾਂਦਾ ਹੈ
ਲਹੂ ਦੀ ਕੀਮਤ ਨਹੀਂ ਜਾਣਦਾ
ਤੇ ਬਸ ਫਿਰ ਇਸੇ ਹੀ ਜ਼ਿਲ੍ਹਤ ਤੇ ਹਨੇਰੇ 'ਚੋਂ
ਕੋਈ ਸਪਾਰਟਕਸ ਜਾਗਦਾ ਹੈ

ਜਿਸ ਦੀਆਂ ਰਗਾਂ ਵਿੱਚ ਲਹੂ ਨਹੀਂ
ਲਾਵਾ ਦੌੜਦਾ ਹੈ
ਤੇ ਫਿਰ ਉਹ ਜਿੱਥੇ ਕਦਮ ਰੱਖਦਾ ਹੈ
ਉੱਥੇ ਸਿਰਫ਼ ਮੌਤ ਉੱਗਦੀ ਹੈ।

## III

ਸਪਾਰਟਕਸ ਨੂੰ ਯਾਦ ਕਰਦਿਆਂ
ਹੁਣ ਮਾਰੂ ਤੇ
ਸਿੱਲਾ ਹਨੇਰਾ ਛਟ ਰਿਹਾ ਹੈ

ਤੇ ਹਜ਼ਾਰਾਂ ਹੀ ਆਦਿਵਾਸੀ ਗੁਲਾਮ
ਟੁੱਟੇ ਹੋਏ ਸੰਗਲਾਂ ਦੇ ਢੇਰ ਤੇ ਬੈਠ ਕੇ
ਯੁੱਧ ਦਾ ਬਿਗਲ ਵਜਾਉਂਦੇ ਹਨ

ਤੇ ਆਪਣੇ ਲਹੂ ਨਾਲ ਲਿਬੜੇ ਹੋਏ ਲਿੰਗ
ਗੁਫਾਵਾਂ ਵਿੱਚ ਰੱਖ ਕੇ
ਇੱਕ ਘਾਤਕ ਯੁੱਧ ਲਈ
ਹੋ ਤੁਰਦੇ ਹਨ

ਹਾਵਰਡ ਫਾਸਟ ਦਾ ਨਾਵਲ ਸਪਾਰਟਕਸ
ਪੜ੍ਹਦਿਆਂ
ਬੜਾ ਕੁਝ ਯਾਦ ਆਇਆ।

---

***ਲੈਂਟੂਲਸ ਬੈਟੀਏਟਸ** :- ਰੋਮਨ ਲੜਾਕੂ ਸਕੂਲ ਦਾ ਮਾਲਕ, ਜੋ ਗੁਲਾਮਾਂ ਨੂੰ ਮਰਦੇ ਦਮ ਤੱਕ ਲੜਾਉਣ ਵਿੱਚ ਮਾਹਿਰ ਹੈ।*

✵✵

## ਇਸ ਸਦੀ ਦੀ ਆਵਾਜ਼

ਮੌਤ ਹਰ ਇੱਕ ਦੇ ਦਰ ਤੇ ਆਣ ਖੜ੍ਹੀ ਹੈ
ਧੁਖ਼ ਰਿਹਾ ਹੈ
ਹਰ ਪਿੰਡ
ਹਰ ਸ਼ਹਿਰ

ਆਪਣੇ ਆਪਣੇ ਆਤਮ ਤਾਣੇ ਬਾਣੇ 'ਚ ਉਲਝੇ ਲੋਕ
ਆਪਣੀਆਂ ਆਪਣੀਆਂ ਖਾਹਿਸ਼ਾਂ ਦੇ
ਬਣ ਕਰਿੰਦੇ
ਗਾਂਧੀ ਚੌਕ 'ਚੋਂ ਲੱਭ ਰਹੇ ਨੇ ਸ਼ਾਂਤੀ
ਤੇ ਜਾਂ ਫਿਰ ਜਾ ਵੜੇ ਨੇ ਪੁਰਾਤਨ ਗ੍ਰੰਥਾਂ ਦੇ
ਵਰਕਿਆਂ ਵਿੱਚ ਭਾਲਣ ਲਈ
ਮੁਕਤੀ

ਸ਼ਹਿਰ ਦੀਆਂ ਸੜਕਾਂ ਤੇ
ਪਿੰਡ ਦੀਆਂ ਪਗਡੰਡੀਆਂ ਤੇ
ਲਹੂ-ਲੁਹਾਨ ਚਿਹਰੇ
ਹੁਣ ਕਿਹੜੇ ਰੱਬ ਦੀ ਕਰ ਰਹੇ ਹਨ
ਉਡੀਕ?

ਮੈਂ ਪੁੱਛਦਾ ਹਾਂ ਏਨੀ ਬੇਜ਼ਾਰ
ਹੋਈ ਜ਼ਿੰਦਗੀ ਤੇ
ਤਾਰ ਤਾਰ ਹੋਈ ਜ਼ਿੰਦਗੀ ਤੇ
ਇਸ ਸਦੀ ਦੀ ਆਵਾਜ਼ ਏਨੀ
ਧੀਮੀ ਕਿਉਂ ਹੈ?
ਏਨੀ ਧੀਮੀ ਕਿਉਂ ਹੈ?

✵✵

## ਭੀੜ 'ਚ ਤੁਰੇ ਜਾਂਦੇ ਲੋਕ

ਮੈਂ ਅਕਸਰ ਵੇਖਦਾ ਹਾਂ
ਭੀੜ 'ਚ ਤੁਰੇ ਜਾਂਦੇ ਲੋਕ

ਚਿਹਰੇ ਤੋਂ ਤਿਪ ਤਿਪ
ਡੁੱਲਦਾ ਲਹੂ
ਖੁੱਲ੍ਹੇ ਜ਼ਖ਼ਮ
ਰਿਸਦੇ ਨਾਸੂਰ

ਚੌਕ 'ਚ ਲਾਏ ਆਪਣੇ ਆਪਣੇ
ਖ਼ਾਮੋਸ਼ ਨਾਅਰਿਆਂ ਦਾ
ਮਰਸੀਆ ਪੜ੍ਹਦੇ ਹੋਏ
ਆਪਣੇ ਨਾਲ ਨਾਲ ਲਹੂ ਦਾ
ਇੱਕ ਦਰਿਆ ਲਈ
ਫਿਰਦੇ ਹਨ

ਹੁਣ ਪਤਾ ਨਹੀਂ ਇਹ ਦਰਿਆ
ਕਿੱਧਰ ਨੂੰ ਜਾਏਗਾ?
ਤੇ ਇਸ ਵਿੱਚ ਕਿਹੜਾ
ਹੜ੍ਹ ਆਏਗਾ?

ਮੈਂ ਅਕਸਰ ਵੇਖਦਾ ਹਾਂ
ਭੀੜ 'ਚ ਤੁਰੇ ਜਾਂਦੇ ਲੋਕ।

✵✵

## ਖ਼ੂਨੀ ਸੜਕਾਂ

ਇਸ ਸ਼ਹਿਰ ਦੀਆਂ
ਕਾਲ਼ੀਆਂ
ਅਤੇ ਖ਼ੂਨੀ ਸੜਕਾਂ
ਮੇਰੇ ਲਹੂ 'ਚੋਂ ਹੋ ਕੇ ਗੁਜ਼ਰਦੀਆਂ ਹਨ

ਇਸ ਸ਼ਹਿਰ ਦੇ ਹਰ ਚੌਕ
ਅਤੇ ਹਰ ਦੀਵਾਰ 'ਚੋਂ
ਮੇਰਾ ਹੀ ਲਹੂ ਸਿੰਮਦਾ ਹੈ

ਸ਼ਹੀਦਾਂ ਦੇ ਚੌਕ ਤੋਂ ਲੈ ਕੇ
ਸਕੱਤਰੇਤ ਤੱਕ
ਮੈਨੂੰ ਅਨੇਕਾਂ ਹੀ ਅੰਨ੍ਹੀਆਂ ਗਲੀਆਂ 'ਚੋਂ
ਹੋ ਕੇ ਗੁਜ਼ਰਨਾ ਪੈਂਦਾ ਹੈ
ਜਿਹੜੀਆਂ ਬੰਦੇ ਨੂੰ ਅਜ਼ਗਰ ਵਾਂਗ
ਸਾਬਤ ਸਾਲਮ ਨਿਗਲ ਜਾਂਦੀਆਂ ਹਨ

ਤੇ ਬਸ ਮੈਂ
ਸਵੇਰ ਤੋਂ ਲੈ ਕੇ ਸ਼ਾਮ ਤੱਕ
ਇਸ ਅਜ਼ਗਰ ਨਾਲ ਲੜਦਾ ਹਾਂ।

✵✵

# ਸ਼ਨਾਖ਼ਤੀ ਪਰੇਡ

ਉਸਦੀ ਅੱਖ ਹਰ ਦਰਿੰਦੇ ਦਾ ਚਿਹਰਾ
ਪਹਿਚਾਣਦੀ ਹੈ

ਉਹ ਆਪਣਾ ਮਾਸ ਨੋਚਣ ਵਾਲੀ ਹਰ
ਗਿਰਝ ਦਾ ਨਾਂ ਤੱਕ ਜਾਣਦੀ ਹੈ

ਪਰ ਉਸਦੀ ਕਥਾ
ਉਸਦੀ ਕਹਾਣੀ ਕੌਣ ਕਹੇਗਾ?

ਉਹ ਆਪਣੀ ਜ਼ੁਬਾਨ ਤੇ
ਪਿੰਡ ਦੇ ਪਤਵੰਤਿਆਂ ਦਾ
ਨਾਂ ਕਿੰਝ ਲਿਆਏਗੀ?
ਉਹ ਆਪਣੇ ਰੱਬ ਦੇ ਸਿਰਜਣਹਾਰਿਆਂ ਤੋਂ
ਕਿਵੇਂ ਮੁਨਕਰ ਹੋਵੇਗੀ?

ਜਦ ਉਹ ਆਪਣੇ ਜੂਠੇ ਬਦਨ ਨੂੰ
ਸੁੱਚੇ ਕੱਪੜਿਆਂ 'ਚ ਲੁਕਾਉਣ ਦਾ
ਯਤਨ ਕਰੇਗੀ ਤਾਂ
ਸ਼ਨਾਖ਼ਤੀ ਪਰੇਡ 'ਚ ਉਸਦੀ
ਚੀਖ਼ ਕੌਣ ਸੁਣੇਗਾ?

**

## ਰਿਟਾਇਰ ਬੰਦਾ

ਰਿਟਾਇਰ ਬੰਦਾ ਪੂਰੇ ਦਾ ਪੂਰਾ
ਬੇਚੈਨੀ ਦਾ ਸਮੁੰਦਰ ਹੁੰਦਾ ਹੈ

ਉਹ ਬੜਾ ਕੁਝ ਨਵਾਂ ਕਰਨਾ
ਚਾਹੁੰਦਾ ਹੈ
ਜ਼ਿੰਦਗੀ ਦੀ ਲਹਿਰ ਵਿੱਚ ਫਿਰ ਤੋਂ
ਸ਼ਾਮਿਲ ਹੋਣਾ ਚਾਹੁੰਦਾ ਹੈ

ਆਪਣੀ ਹੋਂਦ ਦਾ ਪੁਰਾਣਾ
ਖੋਖਾ ਉਧੇੜ ਦੇਣਾ ਚਾਹੁੰਦਾ ਹੈ
ਉਸਦੀ ਥਾਵੇਂ ਕੁਝ ਨਵਾਂ ਕਰਨ ਲਈ
ਤਰਲੋਮੱਛੀ ਹੁੰਦਾ ਹੈ

ਜ਼ਿੰਦਗੀ ਦੇ ਘਸੇ ਪੁਰਾਣੇ ਸਾਜ਼ ’ਚੋਂ
ਨਵੀਆਂ ਸੁਰਾਂ ਕੱਢਣ ਦੀ
ਕਾਮਨਾ ਕਰਦਾ ਹੈ
ਫਿਰ ਆਪਣੀ ਚੇਤਨਾ’ਚ ਆਪਣੇ
ਪੁਰਾਣੇ ਬੇਲੀਆਂ ਦੇ ਸਿਰਨਾਵੇਂ ਸੁਲਗਾਉਂਦਾ ਹੈ
ਉਨ੍ਹਾਂ ਦੀਆਂ ਅਸਫਲਤਾਵਾਂ ਤੇ
ਆਰਜ਼ੀ ਤੌਰ ਤੇ ਉਦਾਸ ਹੁੰਦਾ ਹੈ

ਵਾਰ ਵਾਰ ਆਪਣੀ ਅਲੀਸ਼ਾਨ ਕੋਠੀ ਦੀ
ਉਚਾਈ ਮਿਣਦਾ ਹੈ
ਤੇ ਫਿਰ ਅਚਾਨਕ ਆਪਣੇ ਅੰਦਰਲੇ
ਢਹਿ ਰਹੇ ਚੁਬਾਰੇ ਦਾ
ਮਰਸੀਆ ਪੜ੍ਹਦਾ ਹੈ

ਰਿਟਾਇਰ ਬੰਦਾ ਪੂਰੇ ਦਾ ਪੂਰਾ
ਬੇਚੈਨੀ ਦਾ
ਸਮੁੰਦਰ ਹੁੰਦਾ ਹੈ।

✵✵

## ਲਹੂ ਵਿਚਲੀ ਰਾਤ

ਅਜੇ ਤਾਂ ਮੈਂ ਆਪਣੇ ਲਹੂ ਨਾਲ
ਪੁਰਖ਼ਿਆਂ ਦੀ ਵਿਰਾਸਤ ਦਾ
ਗੀਤ ਲਿਖਣਾ ਹੈ

ਅਜੇ ਤਾਂ ਮੈਂ ਆਪਣੇ ਲਹੂ ਨਾਲ
ਆਪਣੀ ਮਿੱਟੀ ਦਾ
ਹਿਸਾਬ ਕਿਤਾਬ
ਕਰਨਾ ਹੈ

ਅਜੇ ਤਾਂ ਮੈਂ ਆਪਣੇ ਹੱਥਾਂ ਵਿੱਚ
ਨਸ਼ਤਰ ਲਈ
ਕੱਟ ਰਿਹਾ ਹਾਂ
ਆਪਣੀਆਂ ਆਂਦਰਾਂ ਵਿਚਲਾ
ਹਨੇਰਾ

ਅਜੇ ਤਾਂ ਮੈਂ ਆਪਣੇ ਲਹੂ
ਵਿਚਲੀ ਰਾਤ ਨਾਲ
ਲੜਨਾ ਹੈ।

✵✵

## ਮੈਂ ਚਾਹੁੰਦਾ ਹਾਂ

ਮੈਂ ਆਪਣੇ ਅੰਦਰ ਧੁਖ਼ਦੇ ਬੋਲਾਂ ਨੂੰ ਹੁਣ
ਤਰਤੀਬ ਦੇਣਾ ਚਾਹੁੰਦਾ ਹਾਂ

ਮੈਂ ਹੁਣ ਆਪਣੇ ਘਰ ਵਿਚਲੀ ਰਹੱਸਮਈ
ਨਜ਼ਰਬੰਦੀ ਤੋਂ ਛੁਟਕਾਰਾ
ਚਾਹੁੰਦਾ ਹਾਂ

ਮੈਂ ਹੁਣ ਆਪਣੀ ਸਰਕਾਰੀ ਜਾਂ
ਗ਼ੈਰ ਸਰਕਾਰੀ ਢੰਗ ਨਾਲ ਹੋਈ
ਜਲਾਵਤਨੀ ਤੋਂ
ਮੁਕਤੀ ਚਾਹੁੰਦਾ ਹਾਂ

ਮੈਂ ਹੁਣ
ਆਪਣੀ ਮਿੱਟੀ ਵਿੱਚ
ਭਰਭੂਰ ਉੱਗਣਾ ਚਾਹੁੰਦਾ ਹਾਂ

ਮੈਂ ਆਪਣੇ ਅੰਦਰ ਧੁਖ਼ਦੇ ਬੋਲਾਂ ਨੂੰ ਹੁਣ
ਤਰਤੀਬ ਦੇਣਾ ਚਾਹੁੰਦਾ ਹਾਂ।

✵✵

## ਇਹ ਕੌਣ ਹੈ?

ਇਹ ਕੌਣ ਚੁਰਾ ਰਿਹਾ ਹੈ
ਮੇਰੀਆਂ
ਲਹੂ ਭਿੱਜੀਆਂ ਨਜ਼ਮਾਂ?

ਕਿ ਮੇਰੇ ਬੋਲ ਜੰਗਲ ਦੇ ਬੋਲ
ਬਣ ਰਹੇ
ਹਰ ਪਿੰਡ
ਹਰ ਨਗਰ
ਹਰ ਸ਼ਹਿਰ ਵਿੱਚ
ਇਹ ਕਿਸ ਖੜ੍ਹੇ ਕਰ ਦਿੱਤੇ ਨੇ
ਮੰਡੀ ਦੇ ਫ਼ੌਜਦਾਰ?

ਕਿ ਬਾਲਾਂ ਦੇ ਚਿਹਰੇ
ਵਿਕ ਰਹੇ
ਔਰਤ 'ਚੋਂ ਔਰਤ
ਖ਼ੁਰ ਰਹੀ
ਆਦਮੀ ਵਿੱਚੋਂ
ਮਨੁੱਖ ਚੋਰੀ ਹੋ ਰਿਹਾ
ਸਭ ਮੱਲੋਜ਼ੋਰੀ ਹੋ ਰਿਹਾ

ਇਹ ਕੌਣ ਚੁਰਾ ਰਿਹਾ ਹੈ
ਮੇਰੀਆਂ
ਲਹੂ ਭਿੱਜੀਆਂ ਨਜ਼ਮਾਂ?

**

## ਪਾਣੀ

ਮੈਂ ਪਾਣੀ ਹਾਂ
ਮੈਨੂੰ ਪਾਣੀ ਹੀ ਰਹਿਣ ਦਿਓ ਤਾਂ ਚੰਗਾ ਹੈ

ਮੈਨੂੰ ਹੜ੍ਹ
ਸੁਨਾਮੀ
ਤੇ ਜ਼ਲਜ਼ਲਾ ਨਾ ਬਣਾਓ
ਮੈਂ ਪਾਣੀ ਹਾਂ
ਮੈਨੂੰ ਪਾਣੀ ਹੀ ਰਹਿਣ ਦਿਓ ਤਾਂ ਚੰਗਾ ਹੈ

ਮੇਰੇ ਸੋਮਿਆਂ ਨੂੰ ਹੋਰ ਪਲੀਤ ਨਾ ਕਰੋ
ਮੇਰੇ ਤੇ ਜ਼ਰਾ ਰਹਿਮ ਕਰੋ

ਤੁਸੀਂ ਕੋਕ ਪੀਓ
ਜਾਂ ਬੀਅਰ
ਆਖ਼ਰ ਤੁਹਾਡਾ ਸਾਹਮਣਾ
ਮੇਰੇ ਨਾਲ ਹੀ ਹੋਏਗਾ

ਜਦ ਕਦੇ ਕੁਦਰਤ ਤੋਂ ਵਿਛੜ ਕੇ
ਤੁਹਾਡਾ ਬਾਲ ਰੋਏਗਾ
ਮੈਂ ਉਦੋਂ ਉਸਦੇ ਧਰਵਾਸ ਲਈ ਉਸਦੇ
ਨਾਲ ਹੀ ਹੋਵਾਂਗਾ

ਉਹ ਤਾਂ ਕੇਵਲ ਆਪਣਾ ਦਰਦ ਕਹੇਗਾ
ਉਸਦੀ ਅੱਖ 'ਚੋਂ ਮੈਂ ਹੀ
ਚੋਵਾਂਗਾ

ਮੈਂ ਪਾਣੀ ਹਾਂ
ਮੈਨੂੰ ਪਾਣੀ ਹੀ ਰਹਿਣ ਦਿਓ ਤਾਂ ਚੰਗਾ ਹੈ।

✵✵

## ਸ਼ਹੀਦੀ ਦਿਵਸ

ਇਸ ਵਾਰ ਵੀ ਸ਼ਹੀਦੀ  ਦਿਵਸ ਤੇ
ਕਿੰਨਾ ਕੁਝ ਨਵਾਂ ਕਰਕੇ
ਆਇਆ ਹਾਂ?

ਇਸ ਵਾਰ ਵੀ ਨਮੋਸ਼ੀ ਦਾ ਇੱਕ
ਮੁਕੰਮਲ ਇਤਿਹਾਸ ਰਚ
ਆਇਆ ਹਾਂ

ਇਸ ਵਾਰ ਵੀ ਮੈਂ ਆਪਣਾ ਸਿਰ
ਆਪਣੀਆਂ ਅੱਖਾਂ
ਸਤਲੁਜ ਵਿੱਚ ਰੋੜ੍ਹ ਆਇਆ ਹਾਂ

ਸ਼ਹੀਦਾਂ ਦੀ ਆਖ਼ਰੀ ਵਸੀਅਤ ਵੀ
ਰਾਖ਼ ਕਰ ਆਇਆ ਹਾਂ

ਇਸ ਵਾਰ ਵੀ ਸ਼ਹੀਦੀ ਦਿਵਸ ਤੇ
ਕਿੰਨਾ ਕੁਝ ਨਵਾਂ ਕਰਕੇ
ਆਇਆ ਹਾਂ।?

✵✵

## ਸ਼ੀਸ਼ਾ

ਸ਼ੀਸ਼ਾ ਹੁਣ ਮੇਰਾ ਗੁਲਾਮ ਨਹੀਂ ਰਿਹਾ
ਉਹ ਮੇਰੇ ਬਾਰੇ ਬੜਾ ਕੁਝ
ਬੋਲਣ ਲੱਗ ਪਿਆ ਹੈ

ਉਂਝ ਉਹ ਮੈਨੂੰ ਬਚਪਨ ਤੋਂ ਹੀ
ਜਾਣਦਾ ਹੈ
ਉਹ ਮੇਰੇ ਨਕਸ਼ਾ ਦੇ ਡੁਲ੍ਹਦੇ ਲਹੂ ਦਾ
ਚਸ਼ਮਦੀਦ ਗਵਾਹ ਹੈ
ਪਰ ਉਸਨੂੰ ਮੇਰੀ ਇਸ ਗੱਲ ਦਾ
ਸ਼ਿਕਵਾ ਹੈ
ਹੈ ਕਿ ਮੈਂ ਉਸਦੀ ਕਦੇ
ਗੱਲ
ਨਹੀਂ ਸੁਣੀ

ਉਸਨੂੰ ਸ਼ਿਕਵਾ ਹੈ ਕਿ ਮੈਂ ਇਨ੍ਹਾਂ
ਹਰੀਆਂ ਭਰੀਆਂ ਖਿੱਤੀਆਂ 'ਚ ਵੀ
ਰੇਗਿਸਤਾਨ ਦੀ ਮਿੱਟੀ
ਆਪਣੀ ਜੇਬ 'ਚ ਪਾਈ
ਫਿਰਦਾ ਹਾਂ
ਤੇ ਹੁਣ ਇਸਦਾ ਸ਼ੋਰਾ ਮੇਰੇ ਲਹੂ 'ਚ
ਬੋਲਣ ਲੱਗ ਪਿਆ ਹੈ

ਮੇਰੇ ਤੇ ਇਹ ਵੀ ਇਲਜ਼ਾਮ ਹੈ ਕਿ ਮੈਂ ਆਪਣੇ
ਤਿੜਕੇ ਚਿਹਰੇ ਨੂੰ
ਸਾਬਤ ਸਮਝ ਸ਼ਹਿਰ ਦੀ ਮੰਡੀ 'ਚ ਨੁਮਾਇਸ਼
ਕਰਦਾ ਰਿਹਾ ਹਾਂ

ਮੇਰੇ ਤੇ ਇਹ ਵੀ ਇਲਜ਼ਾਮ ਹੈ ਕਿ ਮੈਂ ਜ਼ਬਰੀਂ ਆਪਣੇ
ਚਿਹਰੇ ਤੇ  ਕਿਸੇ ਹੋਰ ਦੇ ਨਕਸ਼
ਉੱਗਾਉਣ ਦੇ
ਕਰਦਾ ਰਿਹਾ ਹਾਂ ਯਤਨ

ਮੇਰੇ ਤੇ ਇਲਜ਼ਾਮ ਦਰ ਇਲਜ਼ਾਮ ਹੈ
ਕਿ ਮੈਂ ਬਹੁਤ ਕੁਝ ਅਜਿਹਾ ਕਰਦਾ
ਰਿਹਾ ਹਾਂ
ਜੋ ਕੇਵਲ 'ਸ਼ੀਸ਼ਾ' ਹੀ ਜਾਣਦਾ ਹੈ
ਹੁਣ ਸ਼ੀਸ਼ਾ ਮੇਰਾ ਗੁਲਾਮ ਨਹੀਂ ਰਿਹਾ
ਸਗੋਂ ਸੱਚ ਬੋਲਣ ਲੱਗ ਪਿਆ ਹੈ।

✵✵

## ਬਦਲਾਅ

ਮੇਰੇ ਆਲੇ ਦੁਆਲੇ ਕਿੰਨਾਂ ਕੁਝ ਹੀ
ਬਦਲਣ ਯੋਗ ਹੈ
ਜਿਸਨੂੰ ਮੈਂ ਬਦਲਣਾ
ਨਹੀਂ ਚਾਹੁੰਦਾ

ਮੇਰੇ ਆਲੇ ਦੁਆਲੇ ਕਿੰਨਾ ਕੁਝ
ਬਦਲਣਯੋਗ ਨਹੀਂ ਹੁੰਦਾ
ਜਿਸਨੂੰ ਮੈਂ ਬਦਲਣਾ
ਚਾਹੁੰਦਾ ਹਾਂ

ਤੇ ਮੈਂ ਪਤਾ ਨਹੀਂ ਹੋਰ
ਕੀ ਕੀ ਚਾਹੁੰਦਾ ਹਾਂ?

ਮੇਰੇ ਲਹੂ 'ਚ ਤੈਰਦੇ ਇਹ
ਦਿਸ਼ਾਹੀਣ ਸਵਾਲ ਹੁਣ
ਮੇਰੇ ਤੋਂ ਕੋਈ ਜਵਾਬ ਮੰਗਦੇ ਹਨ।

✵✵

# ਇੱਕ ਕੁੜੀ ਤੇ ਕਵਿਤਾ

ਇੱਕ ਕੁੜੀ
ਕਵਿਤਾ
ਪੜ੍ਹਦੀ ਪੜ੍ਹਦੀ
ਕਵੀ ਦੀ ਕਲਪਨਾ ਵਿੱਚ
ਲੀਨ ਹੋ ਜਾਂਦੀ ਹੈ

ਉਹ ਜ਼ਹਿਰੀਲੇ ਤੇ ਕੰਡਿਆਲੇ ਰਾਹ
ਉਲੰਘਦੀ ਹੋਈ
ਕਵੀ ਆਸ਼ਰਮ ਤੱਕ
ਪਹੁੰਚਦੀ ਹੈ

ਕਵੀ ਅਚਨਚੇਤ ਆਪਣੀ ਸ਼ਬਦ ਸੰਵੇਦਨਾ 'ਚੋਂ
ਬਾਹਰ ਆਉਂਦਾ ਹੈ
ਕੁੜੀ ਦੀ ਸੁੰਦਰਤਾ ਤੇ ਮੋਹਿਤ
ਹੁੰਦਾ ਹੈ

ਉਹ ਆਪਣੇ ਮਨ ਦੇ ਹਨੇਰੇ ਕੋਨਿਆਂ ਦੀ
ਦਲਦਲ 'ਚ ਉਤਰਦਾ ਉਤਰਦਾ
ਇੱਕ ਮਗਰਮੱਛ ਦਾ ਰੂਪ
ਧਾਰਨ ਲੱਗਦਾ ਹੈ

ਡਰੀ ਹੋਈ ਕੁੜੀ ਤ੍ਰਹਿ ਕੇ
ਵਾਪਸ ਦੌੜਦੀ ਹੈ
ਅਜਗਰ ਤੇ ਮਗਰਮੱਛ ਉਸਦੇ ਪਿੱਛੇ ਪਿੱਛੇ
ਦੌੜਨ ਲੱਗਦੇ

ਜਦ ਉਹ ਕਵੀ ਆਸ਼ਰਮ ਤੋਂ
ਵਾਪਸ ਪਰਤਦੀ ਹੈ
ਤਾਂ ਉਸਦਾ ਰੰਗਲਾ ਦੁਪੱਟਾ ਕਿੱਧਰੇ
ਮਗਰਮੱਛਾਂ ਦੀ ਜੂਹ 'ਚ ਹੀ
ਰਹਿ ਜਾਂਦਾ ਹੈ।

**

## ਕੋਈ ਹੈ?

ਇਹ ਕੌਣ ਹੈ ਜੋ ਇਸ ਧਰਤੀ ਨਾਲ
ਖ਼ੂਨੀ ਖੇਡ ਖੇਡ ਰਿਹਾ ਹੈ?
ਇਹ ਕੌਣ ਹੈ ਜੋ ਸਾਡੇ ਹਰੇ ਭਰੇ ਰੁੱਖਾਂ ਨੂੰ
ਬੰਦੀ ਬਣਾ ਰਿਹਾ ਹੈ?
ਇਹ ਕੌਣ ਹੈ ਜੋ ਸਾਡੇ ਸਾਹਾਂ ਦਾ
ਵਪਾਰ ਕਰ ਰਿਹਾ ਹੈ?

ਸ਼ਾਇਦ ਅਸੀਂ ਸਾਰੇ ਉਸ ਬਾਰੇ ਜਾਣਦੇ ਹਾਂ
ਤੇ ਉਸਦੇ ਪਰਛਾਵੇਂ ਦਾ
ਕਤਲ ਕਰਕੇ
ਖ਼ੁਦ ਨੂੰ ਖ਼ਬਰਦਾਰ ਕਰਕੇ
ਫਿਰ ਗੂੜ੍ਹੀ ਨੀਂਦ ਸੌਂ ਜਾਂਦੇ ਹਾਂ

ਫਿਰ ਸੁਬਹ ਸੁਬਹ ਉੱਠ ਕੇ
ਡਰਾਇੰਗ ਰੂਮ ਦੇ ਰੰਗੀਨ ਪਰਦੇ ਹਟਾ ਕੇ
ਖਿੜਕੀ 'ਚੋਂ ਬਾਹਰ ਸੁੱਤੀ
ਬਹਾਰ ਨੂੰ ਵੇਖ ਕੇ ਆਖ ਦਿੰਦੇ ਹਾਂ ਕਿ
ਬਸ ਹੁਣ ਸਭ ਠੀਕ ਹੈ

ਉਂਞ ਇਸ ਤੋਂ ਬਾਅਦ ਵੀ ਬੜਾ
ਕੁਝ ਵਾਪਰਦਾ ਹੈ
ਜਿਵੇਂ ਕਿ ਦਾਰੂ ਖਾਨਿਆਂ ਵਿੱਚ
ਮੁਰਦਿਆਂ ਨੂੰ ਫ਼ਿਲਾਸਫ਼ੀ
ਪੜ੍ਹਾਈ ਜਾਂਦੀ ਹੈ
ਸਿਗਰਟ ਦੇ ਧੂਏਂ 'ਚ ਜੰਗ ਜਾਂ
ਅਮਨ ਦਾ ਸੰਦੇਸ਼ ਉਡਾਇਆ ਜਾਂਦਾ ਹੈ

ਪਰ ਕੋਈ ਹੈ ਜਿਹੜਾ ਇਸ ਧਰਤੀ ਨੂੰ
ਘੁਣ ਵਾਂਗ ਅੰਦਰੋ ਅੰਦਰੀ ਖਾ ਰਿਹਾ ਹੈ
ਹਰ ਸ਼ਹਿਰ
ਹਰ ਨਗਰ
ਤੇ ਹਰ ਦੇਸ਼ ਦੇ ਰੁੱਖਾਂ ਨੂੰ
ਤਾਬੂਤ ਬਣਾ ਰਿਹਾ ਹੈ
ਕੋਈ ਹੈ ਜੋ ਇਸ ਧਰਤੀ ਨਾਲ ਕੋਝੀ ਖੇਡ
ਖੇਡ ਰਿਹਾ ਹੈ।

✵✵

## ਇੱਕ ਪੀਲ਼ਾ ਪੱਤਾ

ਇੱਕ ਪੀਲ਼ਾ ਪੱਤਾ ਕਿੱਧਰੋਂ ਟੁੱਟ ਕੇ
ਮੇਰੇ ਲਹੂ 'ਚ ਆਣ
ਡਿੱਗਿਆ ਹੈ

ਡਿੱਗਦਾ ਡਿੱਗਦਾ ਲਿਖ ਗਿਆ ਹੈ
ਇੱਕ ਨਵੀਂ ਨਜ਼ਮ
ਲੱਗਦਾ ਹੈ ਬੜੀ ਚਿਰ ਤੋਂ ਸੀ ਉਦਾਸ
ਮਾਯੂਸ
ਇਕੱਲਾ ਤੇ ਬੀਮਾਰ

ਆਖ਼ਰ ਕਰ ਚਲਿਆ ਹੈ
ਇੱਕ ਨਵੀਂ ਰੁੱਤ ਦੀ
ਨਿਸ਼ਾਨਦੇਹੀ
ਜਿਵੇਂ ਕਿ ਉਸਦੀਆਂ ਅੱਖਾਂ 'ਚ
ਫੁੱਟ ਆਈ ਹੈ
ਬਹਾਰ

ਤੇ ਹੁਣ ਉਹ ਵੀ ਕੁਦਰਤ ਦੇ
ਅਨੰਤ ਜਸ਼ਨ 'ਚ ਸ਼ਾਮਲ ਹੈ

ਇੱਕ ਪੀਲ਼ਾ ਪੱਤਾ ਕਿੱਧਰੋਂ ਟੁੱਟ ਕੇ
ਮੇਰੇ ਲਹੂ 'ਚ ਆਣ
ਡਿੱਗਿਆ ਹੈ।

✵✵

# ਮੈਂ ਹੁਣ ਉਦਾਸ ਨਹੀਂ

ਮੈਂ
ਬੜੀ ਦੂਰ ਸੁੱਟ ਆਇਆ ਹਾਂ
ਆਪਣੀ ਜੇਬ ਵਿੱਚਲਾ
ਮਾਰੂਥਲ

ਆਪਣੇ ਸਾਰੇ ਅੱਥਰੂ ਖ਼ਾਰੇ
ਸਮੁੰਦਰਾਂ ਨੂੰ ਅਰਪ
ਆਇਆਂ ਹਾਂ

ਤੇ ਲਹੂ ਵਿੱਚਲਾ
ਸ਼ੋਰਾ
ਪਿੰਡ ਦੀ ਉਦਾਸ ਰੋਹੀ ਨੂੰ ਭੇਟ
ਕਰ ਆਇਆ ਹਾਂ

ਮੇਰੇ ਮੱਥੇ ਵਿੱਚ ਹੁਣੇ ਹੁਣੇ
ਇੱਕ ਨਵਾਂ ਸੂਰਜ ਉੱਗਿਆ ਹੈ

ਸੱਚਮੁੱਚ ਹੁਣ ਮੈਂ
ਉਦਾਸ ਨਹੀਂ ਹਾਂ।

**

## ਨਿੱਕਾ ਬੱਚਾ

ਨਿੱਕਾ ਬੱਚਾ
ਮੇਰੇ ਨਾਲ ਖੇਡ ਰਿਹਾ ਹੈ

ਨਿੱਕਾ ਬੱਚਾ ਖੇਡਦਾ ਖੇਡਦਾ
ਮੇਰੀ ਗੋਦ 'ਚ
ਸੌਂ ਜਾਂਦਾ ਹੈ

ਮੈਂ ਵਿਸਮਾਦ ਨਾਲ ਭਰਿਆ ਹੋਇਆ
ਪ੍ਰਕਿਰਤੀ ਦੇ ਜ਼ਰੇ ਜ਼ਰੇ ਨੂੰ ਖਾਮੋਸ਼
ਹੋਣ ਲਈ ਆਖਦਾ ਹਾਂ

ਤੇ ਹੁਣ ਮੇਰੀ ਗੋਦ 'ਚ ਖ਼ੁਦਾ
ਸੌਂ ਰਿਹਾ ਹੈ।

### II

ਨਿੱਕਾ ਬੱਚਾ ਅਕਸਰ ਆਪਣੀਆਂ
ਨਹੁੰਦਰਾਂ ਨਾਲ
ਮੇਰਾ ਚਿਹਰਾ ਖਰੋਚਣ
ਲੱਗ ਜਾਂਦਾ ਹੈ
ਜਿਵੇਂ ਕਿ ਮੈਂ ਕੋਈ ਨਕਾਬ
ਪਹਿਨਿਆ ਹੋਵੇ

ਜਦ ਮੈਂ ਅਚਨਚੇਤ ਆਪਣਾ
ਚਿਹਰਾ
ਸ਼ੀਸ਼ੇ ਅੱਗੇ ਵੇਖਦਾ ਹਾਂ
ਤਾਂ ਬਹੁਤ ਡਰ
ਜਾਂਦਾ ਹਾਂ

ਸੱਚਮੁੱਚ ਹੀ ਮੇਰੇ ਚਿਹਰੇ ਤੇ
ਨਕਾਬ ਹੀ ਨਕਾਬ ਹਨ

ਤੇ ਮੈਂ ਹੁਣ ਆਪਣਾ ਅਸਲ ਚਿਹਰਾ
ਤਲਾਸ਼ਣ ਲੱਗਦਾ ਹਾਂ।

## ਕਵਿਤਾ

ਇੱਕ ਮਾਂ
ਆਪਣੇ ਪੁੱਤਰ ਦਾ ਬਸਤਾ ਫੜੀ
ਜਾ ਰਹੀ ਹੈ
ਉਸਨੂੰ ਪਾਠਸ਼ਾਲਾ ਤੀਕ
ਛੱਡਣ

ਇਸ ਤਰ੍ਹਾਂ ਉਹ ਵਕਤ ਦੇ
ਗਰਦ
ਭਰੇ ਪੰਨਿਆਂ ਤੇ
ਲਿਖ ਰਹੀ ਹੈ
ਇੱਕ ਬੰਟੇ ਵਰਗੀ ਨਵੀਂ ਨਕੋਰ
ਕਵਿਤਾ।

✵✵

## ਕਤਲ

ਮੇਰੇ ਟੀ. ਵੀ. ਦੀ ਸਕਰੀਨ ਤੇ
ਮੇਰੀਆਂ ਅੱਖਾਂ ਸਾਹਮਣੇ
ਕਿਸੇ ਦਾ
ਕਤਲ ਹੋ ਜਾਂਦਾ ਹੈ

ਨਹੀਂ! ਨਹੀਂ!
ਕਤਲ ਨਹੀਂ
ਕੋਈ ਸ਼ਹੀਦ ਹੋ ਜਾਂਦਾ ਹੈ

ਤੇ ਮੈਂ ਕਾਤਲ ਦੀ ਪੈੜ ਲੱਭਦਾ-ਲੱਭਦਾ
ਖ਼ੁਦ ਕਤਲਗਾਹ ਤੱਕ
ਪਹੁੰਚ ਜਾਂਦਾ ਹਾਂ।

**

## ਸਿਆਸਤ

ਸਿਆਸਤ ਜਦ
ਆਪਣਾ ਰੰਗ ਵਿਖਾਉਂਦੀ ਹੈ
ਤਾਂ
ਚੰਗੇ ਭਲੇ
ਸਰਵਰਾਂ 'ਚੋਂ ਮੋਤੀ ਚੁਗਣ ਵਾਲੇ
ਹੰਸਾਂ ਨੂੰ ਵੀ ਕਾਂ ਬਣਾ
ਦਿੰਦੀ ਹੈ

ਮਾਇਆ ਜਦ ਆਪਣਾ
ਰੰਗ ਵਿਖਾਉਂਦੀ ਹੈ ਤਾਂ
ਪੀਰਾਂ ਦੇ ਪੀਰ
ਮਿੱਟੀ ਦੇ ਸ਼ੁਦਾਈਆਂ
ਤੇ ਹੀਰ ਦੇ ਹਮਦਰਦਾਂ ਨੂੰ
ਦਰ ਦਰ ਤੇ
ਕੋਕਾ ਕੋਲਾ ਵੇਚਣ ਲਾ
ਦਿੰਦੀ ਹੈ

ਸਿਆਸਤ ਜਦ ਆਪਣਾ
ਰੰਗ ਵਿਖਾਉਂਦੀ ਹੈ ਤਾਂ
ਚੰਗੇ ਭਲੇ
ਹੰਸਾਂ ਨੂੰ ਵੀ ਕਾਂ ਬਣਾ
ਦਿੰਦੀ ਹੈ।

✵✵

## ਮੌਤ ਦੇ ਰੰਗ

ਕਾਲੀ ਰਾਤ
ਕਾਲੀ ਭੇਡ
ਕਾਲੀ ਬਿੱਲੀ
ਕਾਲਾ ਨਾਗ਼
ਤੇ ਕਾਲਾ ਇਲਮ

ਇਸ ਤੋਂ ਇਲਾਵਾ
ਮੌਤ ਦੇ ਹੋਰ ਵੀ
ਅਥਾਹ ਚਿਹਰੇ ਹਨ

ਪਰ ਮੌਤ ਦੀ ਛੁਪਣਗਾਹ
ਕੇਵਲ ਆਦਮੀ ਦੇ ਮੱਥੇ
ਪਿੱਛੇ ਹੈ।

✵✵

## ਮੌਤ ਦਾ ਨਾਟਕ

ਉਹ ਸੰਗੀਤ ਦੀਆਂ ਧੁਨਾਂ ਵਿੱਚ ਮੇਰੇ ਨਾਲ
ਮੌਤ ਦਾ ਨਾਟਕ ਖੇਡਦੀ ਹੈ

ਉਹ ਤਾਲ ਬਦਲਦੀ ਹੈ
ਮੈਂ ਸਾਜ਼ ਬਦਲ ਲੈਂਦਾ ਹਾਂ
ਉਹ ਹਥਿਆਰ ਬਦਲਦੀ ਹੈ
ਮੈਂ ਢਾਲ ਬਦਲ ਲੈਂਦਾ ਹਾਂ

ਉਹ ਆਪਣਾ ਚਿਹਰਾ ਬਦਲਦੀ ਹੈ
ਮੈਂ ਆਪਣੇ ਗਵਾਹ
ਬਦਲ ਲੈਂਦਾ ਹਾਂ

ਕਿਸੇ ਦੀ ਇੱਕੋ ਚੀਖ਼ ਨਾਲ
ਨਾਟਕ ਖਤਮ ਹੁੰਦਾ ਹੈ
ਇੱਕ ਲਹੂ 'ਚ ਡੁੱਬੀ ਝਾਂਜਰ
ਕਤਲ ਦੀ ਗਵਾਹ ਹੈ

ਤੇ ਉਸਦੀ ਮੌਤ ਦਾ ਇਲਜ਼ਾਮ
ਮੇਰੇ ਸਿਰ
ਆ ਜਾਂਦਾ ਹੈ।

**

## ਲੱਕੜ ਦੇ ਪੈਰ ਵਾਲੀ ਕੁੜੀ

ਲੱਕੜ ਦੇ ਪੈਰ ਵਾਲੀ ਕੁੜੀ
ਆਪਣੀਆਂ ਸਹੇਲੀਆਂ ਨਾਲ
ਸੁਹਾਗ ਗਾਉਂਦੀ ਗਾਉਂਦੀ
ਅਕਸਰ ਰੋ ਪੈਂਦੀ ਹੈ

ਉਹ ਹਰ ਵਾਰੀ ਨ੍ਰਿਤਸ਼ਾਲਾ ’ਚੋਂ ਘਰ
ਉਦਾਸ ਪਰਤਦੀ ਹੈ
ਉਸਦੀਆਂ ਅੱਖਾਂ ’ਚ ਉਦਾਸੀ ਦਾ
ਡੇਰਾ ਹੈ

ਉਸਦਾ ਦਿਲ ਹੁਣ ਉਸ ਤੋਂ ਜੰਗਲੀ
ਗੁਲਾਬ ਮੰਗਦਾ ਹੈ

ਉਸਦੇ ਸੁਪਨਿਆਂ ਵਿੱਚ ਰੋਜ਼
ਉਸਦੀ ਝਾਂਜਰ ਸਿਸਕਦੀ ਹੈ

ਤੇ ਉਹ ਗਾਉਂਦੀ ਗਾਉਂਦੀ
ਅਕਸਰ ਰੋ ਪੈਂਦੀ ਹੈ।

✵✵

## ਵਿਰਾਸਤ (ਪਿਤਾ ਜੀ ਲਈ)

ਅੱਗ ਪਾਣੀ ਤੇ ਹਵਾ ਵਿੱਚ ਸੜਕੇ ਵੀ
ਮਹਿਫ਼ੂਜ਼ ਹਾਂ ਮੈਂ
ਉਹ ਜੋ ਤੁਸੀਂ ਸਿਵੇ ਵਿੱਚ ਫ਼ੂਕ
ਆਏ ਹੋ
ਉਹ ਤਾਂ ਮੇਰੀ ਥਾਂਵੇਂ ਕੋਈ ਹੋਰ
ਬੰਦਾ ਹੈ

ਗੀਤਾ ਕੁਝ ਹੋਰ ਕਹਿੰਦੀ ਹੈ
ਕੁਰਾਨ ਕੁਝ ਹੋਰ ਕਹਿੰਦਾ ਹੈ
ਵੇਦ ਗ੍ਰੰਥ ਉਪਨਿਸ਼ਦ
ਸਭ ਆਪੋ ਆਪਣੀ ਭਾਸ਼ਾ ਬੋਲਦੇ
ਕੇਵਲ ਤੇ ਕੇਵਲ
ਮੇਰੇ ਸ਼ਬਦ ਲਤਾੜ ਜਾਂਦੇ

ਇਹ ਸਭ ਕੁਝ ਹੁਣ ਮੈਨੂੰ
ਕਦਾਚਿਤ ਮਨਜ਼ੂਰ ਨਹੀਂ

ਤੁਸੀਂ ਇਸ ਤਰ੍ਹਾਂ ਮੇਰੀਆਂ ਅਸਥੀਆਂ ਨੂੰ
ਕੁੱਜੇ ਵਿੱਚ ਬੰਦ ਕਰਕੇ
ਮੈਨੂੰ ਅਗਵਾ ਨਹੀਂ ਕਰ ਸਕਦੇ

ਉਹ ਮੈਂ ਹੀ ਹਾਂ
ਜੋ ਰਾਹੀਆਂ ਨੂੰ ਨਿੱਤ ਨਵੀਂ
ਪੈੜ ਬਖਸ਼ਦਾ ਹਾਂ
ਉਹ ਮੈਂ ਹੀ ਹਾਂ ਜੋ ਡੁੱਬਦੇ
ਸੂਰਜ ਨੂੰ ਫਿਰ ਤੋਂ ਚੜ੍ਹਨ ਦਾ ਵੱਲ
ਸਿਖਾਉਂਦਾ ਹਾਂ

ਮੈਂ ਸੁਬਹ ਹੋਣ ਤੋਂ ਪਹਿਲਾਂ ਪਹਿਲਾਂ
ਆਪਣੇ ਸਿਵੇ ਦੀ ਰਾਖ਼ 'ਚੋਂ
ਕੁਕਨਸ ਵਾਂਗ ਫਿਰ ਤੋਂ ਪਰਤ ਆਵਾਂਗਾ

ਅੱਗ ਪਾਣੀ ਤੇ ਹਵਾ ਵਿੱਚ ਸੜਕੇ ਵੀ
ਮਹਿਫ਼ੂਜ਼ ਹਾਂ ਮੈਂ।

## ਬਸਤਾ

ਇਹ ਮੇਰੇ ਬਚਪਨ ਦਾ
ਸਕੂਲ ਦਾ ਬਸਤਾ ਹੈ
ਇਸ ਬਸਤੇ ਵਿੱਚ ਮੇਰੀਆਂ ਧੁਆਂਖੀਆਂ ਹੋਈਆਂ
ਸਿਮਰਤੀਆਂ ਕੈਦ ਹਨ

ਇਸ ਬਸਤੇ ਵਿੱਚ ਮੇਰੇ ਮਰ ਚੁੱਕੇ
ਸੁਪਨਿਆਂ ਦਾ ਇੱਕ
ਸੁਲ਼ਗਦਾ ਤਾਬੂਤ ਹੈ

ਇਸ ਬਸਤੇ ਵਿੱਚ ਇੱਕ ਚੀਖ਼ ਬੰਦ ਹੈ
ਜਿਸ ਤੋਂ ਬਾਅਦ ਬੰਦਾ ਇੱਕ ਹਾਦਸਾ ਬਣਕੇ
ਸ਼ਹਿਰ ਦੀਆਂ ਖ਼ੂਨੀ ਸੜਕਾਂ ਤੇ
ਬਿਖ਼ਰ ਜਾਂਦਾ ਹੈ

ਇਹ ਬਸਤਾ ਮੇਰੀ ਉਂਗਲ ਫੜ
ਮੈਨੂੰ ਮੇਰੇ ਅਤੀਤ ਵੱਲ
ਲੈ ਤੁਰਦਾ ਹੈ
ਜਿੱਥੇ ਮੇਰੇ ਬਚਪਨ ਦੇ ਬੇਲੀਆਂ ਦੇ ਖਿਡੌਣੇ ਦਫ਼ਨ ਹਨ
ਜਿੱਥੇ ਮੇਰੀ ਮਾਂ ਦੀ ਅੱਧਸੁਣੀ ਆਵਾਜ਼
ਖ਼ਲਾਅ 'ਚ ਗੂੰਜ ਰਹੀ ਹੈ
ਜਿੱਥੇ ਮੇਰੀ ਮਹਿਬੂਬਾ ਦਾ ਅਰਥ-ਨਗਨ
ਲਟਕਦਾ ਪੋਰਟਰੇਟ ਹੈ

ਜਦ ਕਦੇ ਮੈਂ ਬਹੁਤ ਹੋ ਜਾਂਦਾ ਹਾਂ ਉਦਾਸ
ਜਦੇ ਕਦੇ ਮੈਂ ਬਹੁਤ ਹੋ ਜਾਂਦਾ ਹਾਂ ਖਾਮੋਸ਼
ਉਦੋਂ ਫਿਰ ਮੈਂ ਇਸ ਬਸਤੇ ਸੰਗ ਮਨ ਦੀਆਂ
ਉਦਾਸ ਰੋਹੀਆਂ ਵੱਲ
ਹੋ ਤੁਰਦਾ ਹਾਂ

ਜਿੱਥੇ ਮੇਰੇ ਅਤੀਤ ਦੀਆਂ ਅਥਾਹ
ਕਬਰਾਂ ਹਨ
ਜਿਨ੍ਹਾਂ ਸੁਨਸਾਨ ਰਾਹਵਾਂ ਵਿੱਚ

ਮੇਰੇ ਭਰਾਵਾਂ ਦਾ ਲਹੂ
ਡੁੱਲ੍ਹਿਆ ਹੋਇਆ ਹੈ
ਜਿਨ੍ਹਾਂ ਰਾਹਵਾਂ ਵਿੱਚ ਮੇਰੀ ਖਾਨਾਬਦੋਸ਼
ਧਰੋਹਰ ਦਾ ਖਾਮੋਸ਼ ਰੁਦਨ ਹੈ

ਇਸ ਬਸਤੇ ਵਿੱਚ ਮੇਰੇ ਪੁਰਖ਼ਿਆਂ ਦੀਆਂ
ਲੱਖਾਂ ਹੀ ਲਹੂ ਭਿੱਜੀਆਂ ਪੈੜ੍ਹਾਂ ਹਨ
ਜਿਨ੍ਹਾਂ ਵਿੱਚੋਂ ਇੱਕ ਪੈੜ
***ਪਰੋਮਿਥੀਅਸ**** ਦੀ ਵੀ ਹੈ
ਇਸ ਬਸਤੇ ਵਿੱਚ ਜਿਵੇਂ ਸ਼ੈਕਸ਼ਪੀਅਰ
ਦੀ ਰੂਹ ਰੋਂਦੀ ਹੈ

ਇਹ ਮੇਰੇ ਬਚਪਨ ਦਾ
ਸਕੂਲ ਦਾ ਬਸਤਾ ਹੈ।

✵✵

---

***ਪਰੋਮਿਥੀਅਸ :-*** ਗ੍ਰੀਕ ਮਿਥਿਹਾਸ ਦਾ ਇੱਕ ਯੋਧਾ, ਜਿਸ ਨੇ ਮਨੁੱਖਤਾ ਲਈ ਸਵਰਗ 'ਚੋਂ ਅੱਗ ਚੁਰਾਈ ਸੀ।

## ਜੇਲ੍ਹ ਦਾ ਰੇਖਾ ਚਿੱਤਰ

ਇੱਟਾਂ ਦੀਆਂ ਐਂਟੀਕ ਦੀਵਾਰਾਂ ਵਿੱਚ ਖੁੱਲ੍ਹਾ ਅੰਬਰ
ਧਰਤੀ ਤੇ ਕਾਲੀ ਲੁੱਕ ਵਾਂਗ
ਡੁੱਲ੍ਹਿਆ ਹੋਇਆ ਹੈ

ਜਿੱਥੇ ਸੂਰਜ ਟੁਕੜੇ ਟੁਕੜੇ ਹੋ ਕੇ
ਰੋਸ਼ਨਦਾਨਾਂ ਰਾਹੀਂ ਕਾਲਕੋਠੜੀਆਂ 'ਚ
ਲਹੂ ਦੀਆਂ ਬੂੰਦਾਂ ਵਾਂਗਰ
ਡਿੱਗਦਾ ਹੈ

ਜਿੱਥੇ ਹਵਾ ਸ਼ਰੇਆਮ ਆਜ਼ਾਦ
ਮੁਜ਼ਰਮਾਂ ਵਾਂਗ ਘੁੰਮਦੀ ਹੈ
ਜਿੱਥੇ ਗੋਲੇ ਕਬੂਤਰ ਆਪਣੀਆਂ
ਗੁਜ਼ਰ ਚੁੱਕੀਆਂ ਨਸਲਾਂ ਦਾ
ਬਿਰਤਾਂਤ ਪੜ੍ਹਦੇ ਹਨ

ਜਿੱਥੇ ਹੱਡਾਂ 'ਚ ਲੱਗੀ ਅੱਗ ਤਾਂ
ਬੁੱਝ ਜਾਂਦੀ ਹੈ
ਪਰ ਇੱਕ ਧੂਣੀ ਜਿਹੀ
ਧੁਖ਼ਦੀ ਰਹਿੰਦੀ ਹੈ

ਦੋ ਵਕਤ ਦੀ ਰੋਟੀ ਵੀ ਮਿਲ ਜਾਂਦੀ ਹੈ
ਚਿੰਤਨ ਤੇ ਹੱਠ ਯੋਗ ਲਈ ਸਮਾਂ ਵੀ
ਮਿਲ ਜਾਂਦਾ ਹੈ

ਪਰ ਮੈਂ ਆਪਣੇ ਲਹੂ 'ਚ ਦੌੜਦੇ ਘੋੜਿਆਂ ਨੂੰ
ਕਿੱਥੇ ਬੰਦ ਕਰਾਂ?

✵✵

# ਜਾਦੂਗਰਨੀ

ਮੈਂ ਜਿਸਦੇ ਰਾਹਾਂ 'ਚ
ਇੱਕ ਗੁਲਾਬ
ਉਗਾਉਣਾ ਚਾਹਿਆ ਸੀ
ਉਹ ਜਾਂਦੀ ਜਾਂਦੀ ਮੇਰੇ ਰਾਹਾਂ ਵਿੱਚ
ਇੱਕ ਜੰਗਲ ਬੀਜ ਗਈ

ਉਹ ਜੰਗਲ ਕਿ ਜਿੱਥੋਂ ਹਾਦਸਿਆਂ ਦੀ ਭੋਇੰ
ਸ਼ੁਰੂ ਹੁੰਦੀ ਹੈ
ਉਹ ਜੰਗਲ ਕਿ ਜਿਸਦੀ ਧਰਤ ਹੇਠ ਨਿੱਤ ਨਵੇਂ
ਵਿਸਫ਼ੋਟ ਹੁੰਦੇ ਹਨ
ਉਹ ਜੰਗਲ ਕਿ ਜਿੱਥੋਂ ਗੱਭਰੂ ਅੰਗਹੀਣ
ਹੋ ਵਾਪਸ ਪਰਤਦੇ

ਉਹ ਜੰਗਲ ਜਿੱਥੇ ਬਘਿਆੜਾਂ ਅਤੇ
ਲੱਕੜਬੱਘਿਆਂ
ਦਾ ਰਹੱਸਮਈ ਪਹਿਰਾ ਹੈ
ਉਹ ਜੰਗਲ ਜਿੱਥੇ ਆਦਮੀ ਦਾ
ਜ਼ਿੰਦਗੀ ਤੋਂ ਹੱਥ ਛੁੱਟਣ ਲੱਗਦਾ ਹੈ
ਉਹ ਜੰਗਲ ਜਿੱਥੇ ਖ਼ੂੰਖਾਰ ਮਾਸਾਹਾਰੀਆਂ ਦੀ ਸਰਦਾਰ
ਕੇਵਲ ਮੌਤ ਵਸਦੀ ਹੈ

ਮੈਂ ਆਪਣੀ ਹੋਂਦ ਲਈ
ਇੱਕ ਵੰਗਾਰ ਲਈ
ਇਸ ਜੰਗਲ ਨਾਲ ਲੜਿਆ
ਲਹੂ-ਲੁਹਾਨ ਹੋਇਆ

ਤੇ ਹੁਣ ਇਹ ਜੰਗਲ ਮੇਰੇ ਮੱਥੇ ਵਿੱਚ
ਉੱਗ ਆਇਆ ਹੈ
ਤੇ ਇਹ ਜੰਗਲ ਹੁਣ ਰਾਤ ਦਿਨ ਮੇਰੇ ਲਹੂ 'ਚ
ਦਹਾੜਦਾ ਹੈ।

**

## ਪੱਥਰ

ਉਹ ਜੋ ਤੁਸੀਂ ਖੇਡ ਖੇਡ ਵਿੱਚ
ਅਚਨਚੇਤ
ਹਵਾ 'ਚ ਪੱਥਰ ਉਛਾਲਿਆ ਸੀ
ਉਹ ਪੱਥਰ ਮੇਰੇ ਹੀ ਮੱਥੇ ਵੱਜਿਆ ਹੈ

ਤੁਸੀਂ ਜਦ ਕਦੇ ਵੀ ਕੋਈ ਪੱਥਰ ਹਵਾ 'ਚ
ਉਛਾਲਿਆ ਹੈ
ਉਹ ਪੱਥਰ ਮੇਰੇ ਹੀ ਸੀਨੇ ਵੱਜਿਆ ਹੈ

ਜ਼ਖ਼ਮੀ ਤੇ ਲਹੂ-ਲੁਹਾਨ ਹੋਇਆ ਹਾਂ ਮੈਂ
ਧਰਤੀ ਤੇ ਤੁਪਕਾ ਤੁਪਕਾ
ਵਹਿ ਰਿਹਾ ਹੈ ਮੇਰਾ ਲਹੂ

ਤੁਹਾਡੀ ਪੱਥਰ ਸੁੱਟਣ ਦੀ ਇਸ ਪਰੰਪਰਾ ਨੇ
ਮੈਨੂੰ ਇੱਕ ਨਵਾਂ ਹੁਨਰ
ਸਿਖਾਇਆ ਹੈ

ਤੇ ਮੈਂ ਹੁਣ ਤੁਹਾਡੇ ਵੱਲੋਂ ਸੁੱਟੇ ਗਏ
ਹਰ ਇੱਕ ਪੱਥਰ ਨੂੰ
ਇੱਕ ਮੀਲ ਪੱਥਰ ਵਿੱਚ ਬਦਲਣਾ
ਜਾਣਦਾ ਹਾਂ

ਜਿਹੜਾ ਕਿ ਕਿਸੇ ਮੰਜ਼ਿਲ ਦਾ
ਦਿਸਹੱਦਾ ਬਣਦਾ ਹੈ

ਉਹ ਜੋ ਤੁਸੀਂ ਖੇਡ ਖੇਡ ਵਿੱਚ
ਅਚਨਚੇਤ
ਹਵਾ 'ਚ ਪੱਥਰ ਉਛਾਲਿਆ ਸੀ
ਉਹ ਪੱਥਰ ਮੇਰੇ ਹੀ ਮੱਥੇ ਵੱਜਿਆ ਹੈ।

✵✵

## ਕੰਕਰੀਟ ਦਾ ਜੰਗਲ

ਮੈਂ ਕੰਕਰੀਟ ਦੇ ਇੱਕ ਨਿਰਮੋਹੇ ਜੰਗਲ ਵਿੱਚ
ਬੈਠਾ ਕਰਾਹ ਰਿਹਾ ਹਾਂ

ਮੇਰੇ ਆ.ਲੇ ਦੁਆਲ਼ੇ ਲੱਖਾਂ ਹੀ ਸਿਰਾਂ ਦੀ
ਭੀੜ ਹੈ
ਜਾਂ ਫਿਰ ਬੰਦਿਆਂ ਦੇ ਮੋਢਿਆਂ ਤੇ ਉੱਗੀਆਂ
ਦੁਕਾਨਾਂ ਦਾ ਮਜ਼ਮਾ ਹੈ

ਪੱਥਰਾਂ ਦੇ ਇਸ ਸ਼ਹਿਰ ਵਿੱਚ ਇਸ ਤਰ੍ਹਾਂ
ਅੰਗ ਵਿਹੂਣਾ ਹੋ ਕੇ ਚਲਣਾ ਬਹੁਤ
ਮੁਸ਼ਕਲ ਹੈ

ਇਸ ਜਾਦੂਈ ਸ਼ਹਿਰ ਵਿੱਚ ਮੈਂ ਆਪਣੇ ਗੀਤਾਂ
ਆਪਣੀਆਂ ਨਜ਼ਮਾਂ ਨੂੰ ਆਪਣੀਆਂ ਹੀ
ਅੱਖਾਂ ਸਾਹਵੇਂ
ਰਾਖ਼ ਹੁੰਦੇ ਵੇਖਿਆ ਹੈ

ਰੋਸ਼ਨੀਆਂ ਨਾਲ ਭਰੇ ਇਸ ਸ਼ਹਿਰ ਵਿੱਚ
ਮੇਰੀਆਂ ਅੱਖਾਂ ਚੁੰਧਿਆ ਕੇ
ਅੰਨ੍ਹੀਆਂ ਹੋ ਗਈਆਂ ਹਨ

ਮੈਂ ਇਸ ਜੰਗਲ ਵਿੱਚ ਚੱਪਾ ਕੁ ਛਾਂ ਲਈ
ਜਿਹੜਾ ਵੀ ਰੁੱਖ ਲਾਇਆ ਹੈ
ਉਹ ਰੁੱਖ ਅਗਲੇ ਹੀ ਪਲ ਕੰਕਰੀਟ ਵਿੱਚ
ਬਦਲਿਆ ਹੈ

ਮੈਂ ਹਰਿਆਵਲ ਦੀ ਭਾਲ ਵਿੱਚ ਅਜੇ
ਦੋ ਕੁ ਕਦਮ ਹੀ ਪੁੱਟਦਾ ਹਾਂ
ਕਿ ਇਸਪਾਤ ਦੇ ਦੰਦਾਂ ਵਾਲਾ ਦਾਨਵ ਉੱਥੇ ਹੀ
ਆ ਪਹੁੰਚਦਾ ਹੈ

ਮੈਂ ਜ਼ਿੰਦਗੀ ਦੇ ਗੀਤ ਦੀ ਅਜੇ
ਹੇਕ ਹੀ ਲਾਉਣ ਲਗਦਾ ਹਾਂ
ਕਿ ਮੇਰੇ ਬੋਲ ਪੌਣ ਨਿਗਲ ਜਾਂਦੀ ਹੈ
ਇਸ ਜੰਗਲ ਵਿਚਲਾ ਸੁੰਨਾਪਣ ਮੈਨੂੰ
ਬੋਟੀ ਬੋਟੀ ਖਾ ਰਿਹਾ ਹੈ

ਇਸ ਜੰਗਲ ਵਿੱਚ ਉਹ ਕੌਣ ਹੈ
ਜੋ ਮੈਨੂੰ ਦਿਨ ਦੀਵੀ ਕਾਤਲ ਬਣਾ ਰਿਹਾ ਹੈ?

ਕੰਕਰੀਟ ਦੇ ਇੱਕ ਨਿਰਮੋਹੇ ਜੰਗਲ ਵਿੱਚ
ਬੈਠਾ ਕਰਾਹ ਰਿਹਾ ਹਾਂ ਮੈਂ।

**

## ਘਰ

ਇਸ ਘਰ ਨੂੰ ਕੀ
ਹੋ ਗਿਆ ਹੈ?
ਇਹ ਘਰ ਤਾਂ ਕਦੇ ਘਰ ਹੁੰਦਾ ਸੀ

ਪਿਆਰ ਤੇ ਨਿੱਘ ਦਾ ਮੁਜੱਸਮਾ

ਇਸ ਦੇ ਤਾਪਮਾਨ ਵਿੱਚ ਐਨਾ
ਕਿਵੇਂ ਆ ਗਿਆ ਹੈ ਫ਼ਰਕ?
ਇਸ ਦੇ ਦਰਵਾਜ਼ੇ ਕਿਉਂ
ਹੋ ਰਹੇ ਨੇ ਸਦਾ ਲਈ ਬੰਦ?

ਇਸ ਦੀਆਂ ਚੁਗਾਠਾਂ ਮਹਿਮਾਨਾਂ ਨਾਲ
ਬਹਿਸ ਕਰਨ ਲੱਗ ਪਈਆਂ ਹਨ
ਇਸ ਦੀਆਂ ਦੀਵਾਰਾਂ ਹੋ ਰਹੀਆਂ ਨੇ
ਹਾਸ਼ੀਏ ਤੋਂ ਬਾਹਰ

ਇਸ ਘਰ ਦੇ ਰੰਗੀਨ ਪਰਦੇ ਹੁਣ
ਪੂਰਾ ਪ੍ਰੋਟ ਕਰਨ ਲੱਗ ਪਏ ਨੇ
ਇਸ ਘਰ ਦੇ ਪਤਵੰਤੇ ਕਿੱਧਰ
ਕਰ ਰਹੇ ਨੇ ਹਿਜ਼ਰਤ?

ਇਹ ਘਰ ਵੀ ਕਦੇ ਘਰ ਹੁੰਦਾ ਸੀ
ਇਸ ਦੇ ਤਾਪਮਾਨ ਵਿੱਚ ਐਨਾ
ਕਿਵੇਂ ਆ ਗਿਆ ਹੈ
ਫ਼ਰਕ?

✵✵

## ਕਸਾਈ

ਉਹ ਬੇਰਹਿਮ ਮੇਰੇ ਹਰ ਜਜ਼ਬਾਤ ਨੂੰ
ਤਰਕ ਦੀ ਛੁਰੀ ਨਾਲ
ਕੱਟ ਸੁੱਟਦਾ ਹੈ

ਇਸ ਤਰ੍ਹਾਂ ਜ਼ਖ਼ਮੀ ਤੇ
ਲਹੂ-ਲੁਹਾਨ
ਹੋ ਕੇ
ਤੜਪ ਰਹੀ ਹਾਂ ਮੈਂ।

✵✵

## ਜੰਗਜੂ

ਆਖ਼ਰ ਜੰਗ ਜਿੱਤ ਕੇ ਘਰਾਂ ਨੂੰ
ਪਰਤ ਆਏ ਨੇ ਜੰਗਜੂ
ਸਾਰਾ ਦੇਸ਼ ਉਨ੍ਹਾਂ ਦੀ ਸ਼ਾਨਦਾਰ
ਦੇਸ਼ ਵਾਪਸੀ
ਮਨਾ ਰਿਹਾ ਹੈ

ਉਹ ਜਿੱਤ ਲਿਆਏ ਨੇ ਦੁਸ਼ਮਣ ਦੇ ਟੈਂਕ
ਤੇ ਫੁੰਡੇ ਹੋਏ ਹਵਾਈ ਜਹਾਜ਼ਾਂ ਦਾ ਮਲਬਾ
ਉਨ੍ਹਾਂ ਦੀ ਹਿੱਕ ਤੇ ਚਮਕ ਰਹੇ ਨੇ
ਸ਼ੋਹਰਤ ਦੇ ਤਮਗੇ
ਤੇ ਚਾਰੇ ਪਾਸੇ ਗਾਏ ਜਾ ਰਹੇ ਨੇ
ਦੇਸ਼ ਭਗਤੀ ਦੇ ਨਗ਼ਮੇ

ਹਥਿਆਰਾਂ ਦੀ ਇਸ ਨੁਮਾਇਸ਼ ਤੇ ਪਰਦੇ ਪਿੱਛੋਂ
ਕੋਈ ਹੱਸਦਾ ਹੈ
ਤੇ ਇਸ ਜਿੱਤ ਤੇ ਸਵਾਲ ਦਰ ਸਵਾਲ
ਕਰਦਾ ਹੈ
ਕਿ ਉਹ ਦੁਸ਼ਮਣ ਦੇ ਬੱਚਿਆਂ ਤੇ
ਕੀ ਭਾਣਾ ਵਰਤਾ ਆਏ ਨੇ?

ਤੇ ਸੜਦੇ ਹੋਏ ਪਿੰਡ ਤੇ ਕਿਹੜਾ
ਧਵਜ ਲਹਿਰਾ ਆਏ ਨੇ?

ਆਖ਼ਰ ਜੰਗ ਜਿੱਤ ਕੇ ਘਰਾਂ ਨੂੰ
ਪਰਤ ਆਏ ਨੇ ਜੰਗਜੂ।

✵✵

## ਰਾਤ ਦਾ ਪਹੀਆ

ਸਦੀਆਂ ਤੋਂ ਇੱਕੋ ਹੀ ਦਿਸ਼ਾ ਵੱਲ
ਚਲਦਾ ਹੋਇਆ
ਮੇਰੀ ਹਿੱਕ ਤੇ ਆ ਕੇ
ਠਹਿਰ ਗਿਆ ਹੈ
ਰਾਤ ਦਾ ਪਹੀਆ

ਇਸ ਰਾਤ ਦੇ
ਇੱਕ ਨਹੀਂ
ਦੋ ਨਹੀਂ
ਤਿੰਨ ਨਹੀਂ
ਸਗੋਂ ਅਨੰਤ ਪਹਿਰ ਹਨ
ਤੇ ਮੈਂ ਰਾਤ ਦੇ ਹਰ ਇੱਕ ਖ਼ੂਨੀ ਪਹਿਰ ਨਾਲ
ਲੜ ਰਿਹਾ ਹਾਂ

ਮੇਰੇ ਪੁਰਖ਼ਿਆਂ ਨੇ ਰਾਤ ਦੇ ਹਰ ਇੱਕ ਖ਼ੂਨੀ
ਪਹਿਰ ਨਾਲ ਲੋਹਾ ਲਿਆ
ਅੰਧਕਾਰ ਨੂੰ ਵੰਗਾਰਿਆ
ਤੇ ਆਪਣੇ ਆਪਣੇ ਜਾਨਸ਼ੀਨਾਂ ਦੇ ਮੱਥੇ ਵਿੱਚ
ਉਨ੍ਹਾਂ ਦੇ ਹਿੱਸੇ ਦਾ ਸੂਰਜ ਧਰਿਆ

ਤੇ ਮੈਂ ਆਪਣੇ ਪੁਰਖ਼ਿਆਂ ਦੀ ਤਰ੍ਹਾਂ
ਇਸ ਜ਼ਹਿਰੀਲੇ ਯੁੱਗ ਵਿੱਚ
ਆਪਣੇ ਪੁਰਖ਼ਿਆਂ ਦੇ
ਸਰਵਰਾਂ ਨੂੰ ਰੋਸ਼ਨ ਰੱਖਣ ਲਈ
ਹਨੇਰੇ ਦੇ ਸਾਮਰਾਜ ਨਾਲ ਲੜ ਰਿਹਾ ਹਾਂ

ਸਦੀਆਂ ਤੋਂ ਇੱਕੋ ਹੀ ਦਿਸ਼ਾ ਵੱਲ
ਚਲਦਾ ਹੋਇਆ
ਮੇਰੀ ਹਿੱਕ ਤੇ ਆ ਕੇ
ਠਹਿਰ ਗਿਆ ਹੈ
ਰਾਤ ਦਾ ਪਹੀਆ।

## ਤੈਨੂੰ ਮਿਲਦਿਆਂ

ਤੈਨੂੰ ਮਿਲਣ ਲੱਗਿਆਂ
ਧਰਤੀ ਵੱਡੀ ਲੱਗਦੀ ਹੈ
ਸੂਰਜ ਵੱਡਾ ਲੱਗਦਾ ਹੈ
ਆਕਾਸ਼ ਵੱਡਾ ਲੱਗਦਾ ਹੈ

ਤੇਰੇ ਜਾਂਦਿਆਂ ਹੀ
ਇਹ ਸਭ ਕੁਝ
ਸੁੰਗੜ ਕੇ
ਇੱਕ ਬਿੰਦੂ ਬਣ ਜਾਂਦਾ ਹੈ

ਤੇ ਮੈਂ ਤੈਨੂੰ ਫਿਰ ਤੋਂ
ਮਿਲਣ ਲਈ
ਇਸ ਬਿੰਦੂ ਦੀ ਪਰਿਕਰਮਾ
ਕਰਦਾ ਹਾਂ।

✵✵

## ਨਾਇਕ ਖਲਨਾਇਕ

ਮੇਰਾ ਇੱਕ ਚਿਹਰਾ
ਨਾਇਕ ਦਾ ਹੈ
ਤੇ ਇੱਕ ਖਲਨਾਇਕ ਦਾ

ਮੇਰੇ ਇੱਕ ਹੱਥ ਵਿੱਚ ਸੂਹਾ ਗੁਲਾਬ ਹੈ
ਤੇ ਦੂਜੇ ਹੱਥ ਵਿੱਚ ਖ਼ੂਨੀ ਖ਼ੰਜਰ ਹੈ
ਜਿਹੜਾ ਕਿ ਮੌਕਾ ਮਿਲਦਿਆਂ ਹੀ ਮੈਂ
ਕਿਸੇ ਦੀ ਵੀ ਪਿੱਠ ਵਿੱਚ ਖੋਭ ਸਕਦਾ ਹਾਂ

ਮੇਰੇ ਮਨ ਦੀ ਖ਼ੂਨੀ ਭੋਇੰ ਤੇ
ਹਰ ਪਲ
ਹਰ ਦਿਨ
ਬੜਾ ਕੁਝ ਚਲਦਾ ਰਹਿੰਦਾ ਹੈ
ਮੇਰੇ ਅੰਦਰ ਇੱਕ ਪੂਰੀ ਦੀ ਪੂਰੀ ਕਤਲਗਾਹ ਹੈ
ਜਿਸ ਵਿੱਚ ਮੈਂ ਕਾਤਿਲ ਵੀ ਹਾਂ
ਤੇ ਮਕਤੂਲ ਵੀ

ਮੇਰੇ ਮਨ ਦੇ ਹਨੇਰੇ ਕੋਨਿਆਂ ’ਚ ਬੈਠੇ
ਜੰਗਲੀ ਮਾਸਖ਼ੋਰੇ
ਉੱਚੀ ਉੱਚੀ ਚਿੰਘਾੜਦੇ ਤੇ ਮੇਰੇ ਤੋਂ
ਮਨੁੱਖੀ ਮਾਸ ਦੀਆਂ ਲਹੂ ਭਿੱਜੀਆਂ
ਬੋਟੀਆਂ ਮੰਗਦੇ

ਮੈਂ ਆਪਣੇ ਚਿਹਰੇ ਤੇ
ਨਿੱਤ ਨਵਾਂ ਨਕਾਬ ਪਹਿਨ
ਆਪਣੇ ਆਪ ’ਚੋਂ ਹੀ ਰੂਪੋਸ਼ ਹੋ ਕੇ
ਆਪਣੇ ਘਰ ਦੇ ਸ਼ੀਸ਼ਿਆਂ ’ਚ ਖਲੋ ਕੇ
ਆਪਣੇ ਚਿਹਰੇ ਤੋਂ ਅਹਿੰਸਾ ਦਾ
ਸਿਧਾਂਤ ਪੜ੍ਹਦਾ ਹਾਂ

ਉਂਝ ਉਹ ਮੈਂ ਹੀ ਹਾਂ ਜਿਸ ਨੇ ਸ਼ਹਿਰ ਦੀਆਂ
ਉਦਾਸ ਮੰਮਟੀਆਂ ਨੂੰ ਅੱਗ ਵਖਾਈ
ਉਹ ਮੈਂ ਹੀ ਹਾਂ ਜਿਸ ਨੇ ਹਨੇਰੇ ਦੇ ਖਿਲਾਫ਼
ਮਸ਼ਾਲ ਵਾਲੇ ਹੱਥ ਖੜ੍ਹੇ ਕੀਤੇ

ਉਹ ਮੈਂ ਹੀ ਹਾਂ ਜਿਸ ਨੇ ਮਾਸੂਮ ਬਾਲਾਂ ਨੂੰ
ਕਾਤਲ ਚਿਹਰੇ ਦੀ
ਮੁਹਾਰਨੀ ਪੜ੍ਹਨੀ ਸਿਖਾਈ

ਉਹ ਮੈਂ ਹੀ ਹਾਂ ਜਿਸ ਨੇ ਰਾਹਾਂ ਨੂੰ ਨਵੀਂ ਦਿਸ਼ਾ
ਦੇਣ ਲਈ
ਸ਼ਹਿਰ ਦੇ ਹਰ ਚੌਕ ਹਰ ਚੌਰਾਹੇ 'ਚ
ਆਪਣਾ ਲਹੂ ਡੋਲ੍ਹਿਆ

ਮੇਰੇ ਅੰਦਰ ਨਿੱਤ ਨਵਾਂ
ਘਮਸਾਨ ਯੁੱਧ ਚਲਦਾ ਰਹਿੰਦਾ ਹੈ

ਮੈਂ ਕਿਸੇ ਸੈਲੂਲਰ ਜੇਲ 'ਚੋਂ ਨਹੀਂ ਸਗੋਂ
ਆਪਣੇ ਮਨ ਦੀ ਕਾਲ ਕੋਠੜੀ 'ਚੋਂ
ਕੋਈ ਭੱਜ ਨਿਕਲਿਆ ਮੁਜਰਮ ਹਾਂ

ਮੈਂ ਨਾਇਕ ਵੀ ਹਾਂ ਤੇ
ਖਲਨਾਇਕ ਵੀ।

✵✵

## ਗਗਨ ਥਾਪਾ ਲਈ

ਮੈਨੂੰ ਪਤਾ ਹੈ
ਉਹ ਆਪਣੇ ਲਹੂ 'ਚ ਨਿੱਤ ਨਵੇਂ
ਸੁਪਨੇ ਬੀਜਦਾ ਬੀਜਦਾ
ਪਾਗ਼ਲ ਹੋ ਜਾਏਗਾ

ਉਂਝ ਉਹ ਆਪਣੇ ਮਨ ਦੀ
ਉਦਾਸ ਤੇ ਬੰਜਰ
ਧਰਤ ਦੀ ਹਿੱਕ ਤੇ ਖਲੋ ਕੇ
ਕਈ ਵਾਰ ਸੋਚੇਗਾ

ਸਮੇਂ ਦੇ ਤੇਜ਼ ਚਲਦੇ ਪਰਵਾਹ ਨੂੰ
ਗਾਲ਼ ਕੱਢੇਗਾ
ਆਪਣੇ ਕਤਲ ਦੀ ਸਾਜਿਸ਼ ਨੂੰ
ਮਹਿਜ਼ ਇੱਕ ਇਤਫ਼ਾਕ
ਸਮਝੇਗਾ

ਤੇ ਆਪਣੀ ਮਹਿਬੂਬਾ ਦੇ ਨਗਨ
ਬੁੱਤ ਨੂੰ
ਬਾਰਿਸ਼ ਦੇ ਉਦਾਸ ਮੌਸਮ 'ਚ
ਸੌ ਵਾਰ ਆਪਣੇ ਸੀਨੇ ਨਾਲ
ਲਾਏਗਾ

ਮੈਨੂੰ ਪਤਾ ਹੈ
ਉਹ ਆਪਣੇ ਲਹੂ 'ਚ ਨਿੱਤ ਨਵੇਂ
ਸੁਪਨੇ ਬੀਜਦਾ ਬੀਜਦਾ
ਪਾਗ਼ਲ ਹੋ ਜਾਏਗਾ।

✵✵

## ਬਾਜ਼ੀਗਰ ਕੁੜੀ

ਬਾਜ਼ੀਗਰ ਕੁੜੀ ਆਪਣੇ ਵੀਰੇ ਨੂੰ
ਖਿਡਾਉਣ ਲਈ ਸਕੂਲ
ਛੱਡ ਜਾਂਦੀ ਹੈ

ਭੈਣ ਜੀ ਦੇ ਤਰਲੇ ਤੇ ਫਿਰ
ਊੜਾ ਐੜਾ ਈੜੀ ਤੋਂ ਸਬਕ ਦੀ
ਸ਼ੁਰੂਆਤ ਕਰਦੀ ਹੈ

ਬਸਤੇ ਵਿੱਚ ਕੈਦ ਅੱਖਰਾਂ ਦੇ ਜ਼ਖ਼ਮੀ
ਕਬੂਤਰਾਂ ਨੂੰ ਆਕਾਸ਼ ਵੱਲ
ਉਡਾਉਂਦੀ ਹੈ

ਤੇ ਰੱਬ ਦਾ ਸ਼ੁਕਰ ਕਰਦੀ ਹੈ ਕਿ ਅਜੇ ਇਹ
ਅੱਖਰਾਂ ਦੇ ਕਬੂਤਰ ਮਰੇ ਨਹੀਂ
ਸਗੋਂ ਜਿਉਂਦੇ ਹਨ

ਤੇ ਹੁਣ ਜ਼ਖ਼ਮੀ ਕਬੂਤਰਾਂ ਦੀ ਮੌਤ ਤਾ ਇਲਜ਼ਾਮ
ਉਸਦੇ ਸਿਰ ਨਹੀਂ ਆਵੇਗਾ।

### II

ਬਾਜ਼ੀਗਰ ਕੁੜੀ ਸੰਸਕਾਰਾਂ ਦੇ
ਜੰਗਲ ਵਿੱਚ ਉਲਝ
ਜਾਂਦੀ ਹੈ

ਇੱਕ ਪੂਰੇ ਦਾ ਪੂਰਾ ਬੇਰਹਿਮ ਜੰਗਲ
ਉਸਦੇ ਲਹੂ ਤੇ ਪਲਦਾ ਹੈ
ਉਸਦਾ ਬੋਟੀ ਬੋਟੀ ਮਾਸ

ਨੋਚਦਾ ਹੈ
ਉਸਦੀ ਮਾਸੂਮੀਅਤ ਤੇ
ਹੱਸਦਾ ਹੈ

ਤੇ ਹੁਣ ਉਸ ਨੂੰ ਅੱਖਰਾਂ ਦੀ
ਕਬੂਤਰਬਾਜ਼ੀ ਦਾ ਰਹੱਸ
ਬਿਲਕੁਲ ਸਮਝ
ਨਹੀਂ ਆਉਂਦਾ

ਤੇ ਆਖ਼ਰ ਅੱਖਰਾਂ ਦੇ ਜ਼ਖ਼ਮੀ
ਕਬੂਤਰ ਉਸਦੇ ਕਦਮਾਂ ਵਿੱਚ
ਡਿੱਗ ਕੇ ਦਮ
ਤੋੜ ਦਿੰਦੇ ਹਨ

## III

ਬਾਜ਼ੀਗਰ ਕੁੜੀ ਆਪਣੇ ਪੁਰਖ਼ਿਆਂ ਵਾਂਗ
ਆਪਣੇ ਦਿਨ-ਬ-ਦਿਨ ਕਿਰਦੇ
ਨਕਸ਼ਾਂ ਤੇ ਉਦਾਸ ਹੈ

ਉਸਦੇ ਜ਼ਿਹਨ 'ਚੋਂ
ਅੱਖਰਾਂ ਦੇ ਜ਼ਖ਼ਮੀ ਕਬੂਤਰ
ਹੌਲ਼ੀ ਹੌਲ਼ੀ ਹਿਜ਼ਰਤ
ਕਰ ਰਹੇ ਹਨ

ਤੇ ਹੁਣ ਉਹ ਕਬੂਤਰਾਂ ਤੋਂ ਸੱਖਣੇ
ਆਕਾਸ਼ ਵੱਲ ਤੱਕਦੀ ਰਹਿ ਜਾਂਦੀ ਹੈ
ਬੱਸ ਤੱਕਦੀ ਰਹਿ ਜਾਂਦੀ ਹੈ।

✵✵